ਹੈ। (੧੯) ਹਥਾਂ ਪੈਰਾਂ ਦੀਆਂ ਤਲੀਆਂ ਪਾਟ ਜਾਣ ਤਾਂ ਓਹਨਾਂ ਉਤੇ ਗਊ ਦੇ ਘਿਉ ਵਿਚ ਸਿੱਪੀ ਦੀ ਸੁਆਹ ਖਰਲ ਕਰਕੇ ਓਹਦਾ ਲੇਪ ਕਰੋ।

**ਗਊ ਮੂਤਰ**--ਕਸੈਲਾ, ਕੌੜਾ, ਤਿੱਖਾ, ਹੌਲਾ, ਲੂਣ ਵਾਲਾ, ਪਾਚਨ, ਅਗਨੀ ਦੀਪਕ, ਦਸਤ ਪਤਲੇ ਕਰਨ ਵਾਲਾ, ਪਿੱਤ ਕਾਰਕ, ਚਤੁਰਤਾ ਵਧਾਉਂਣ ਵਾਲਾ, ਦਸਤ ਲਿਆਉਂਣ ਵਾਲਾ, ਲੇਖਨ ਕਰਨ ਵਾਲਾ, ਅਕਲ ਕਰਨ ਵਾਲਾ, ਅਕਲ ਵਧਾਉਂਣ ਵਾਲਾ, ਕਫ, ਵਾਯੂ, ਕੋੜ੍ਹ, ਗੋਲਾ, ਉਦਰ ਰੋਗ, ਪਾਂਡੂ ਰੋਗ, ਕਿਲਾਸ ਨਾਮੀ ਕੋੜ੍ਹ, ਸੂਲ, ਬਵਾਸੀਰ, ਖੁਰਕ, ਦਮਾਂ, ਆਮਤਾਪ, ਅਫਾਰਾ ਖੰਘ, ਕਬਜ ਸੋਜ, ਮੂੰਹ ਦੇ ਰੋਗ, ਅੱਖੀਆਂ ਦੇ ਰੋਗ, ਗਲ ਦੇ ਰੋਗ ਚਰਮ ਰੋਗ, ਇਸਤ੍ਰੀਆਂ ਦੇ ਪਖਾਨੇ ਅਤੇ ਪਿਸ਼ਾਬ ਰੁਕਣ ਆਦਿਕ ਰੋਗਾਂ ਨੂੰ ਨਾਸ ਕਰਦਾ ਹੈ, ਹੋਰ ਸਾਰੇ ਪਿਸ਼ਾਬਾਂ ਨਾਲੋਂ ਗਊ ਮੂਤ੍ਰ ਬਹੁਤ ਲਾਭ ਕਾਰੀ ਹੁੰਦਾ ਹੈ। (੧) ਕਫ ਰੋਗ ਵਾਸਤੇ ਨਿਰਾ ਗਊ ਮੂਤ੍ਰ ਪਿਆਓ। (੨) ਦਸਤ ਲਿਔਣ ਵਾਸਤੇ ਗਊ ਮੂਤ੍ਰ ਜਿੰਨੀਵਾਰ ਕਪੜੇ ਵਿਚ ਪੁਣਕੇ ਪਿਆਓਗੇ ਓਨੀ ਵਾਰ ਦਸਤ ਆਉਂਣਗੇ। (੩) ਉਦਰ ਰੋਗ ਅਤੇ ਬੱਚਿਆਂ ਦੇ ਢਿਡ ਦੇ ਡੱਭੇ ਵਾਸਤੇ ਗਊ ਮੂਤ੍ਰ ਵਿਚ ਖੰਡ ਅਤੇ ਲੂਣ ਇਕੋ ਜੇਹਾ ਪੀਹਕੇ ਪਾਕੇ ਪਿਆਉਂਣਾ, ਜਾਂ ਗਊ ਮੂਤ੍ਰ ਵਿਚ ਕਾਲਾ ਲੂਣ ਤੇ ਰਾਈ ਪੀਹਕੇ ਪਿਆਉਂਣਾ ਚੰਗਾ ਹੁੰਦਾ ਹੈ। (੪) ਬੱਚਿਆਂ ਦੀ ਛਾਤੀ ਵਿਚ ਕਫ ਜੰਮਣ ਨਾਲ ਸਾਹ ਲੈਣ ਲਗਿਆਂ ਛਾਤੀ ਕੰਬਦੀ ਹੈ, ਏਸ ਰੋਗ ਨੂੰ ਗਊ ਮੂਤ ਵਿਚ

ਹਲਦੀ ਰਲਾਕੇ ਇਕ ਦੋ ਵਾਰ ਪਿਲਾਇਆਂ ਅਰਾਮ ਆ ਜਾਂਦਾ ਹੈ। (੫)ਉਦਰ ਰੋਗ ਅਤੇ ਬੱਚਿਆਂ ਦੇ ਢਿਡ ਵਿਚ ਡੱਬੇ ਦਾ ਰੋਗ ਹੁੰਦਾ ਹੇ, ਓਸ ਵਾਸਤੇ ੪ ਤੋਲੇ ਗਊ ਮੂਤ੍ਰ ਅਤੇ ਓਹਦੇ ਵਿਚ ਨਰੇਲ ਦਾ ਛਿਲੜ ੧ ਪੈਸਾ ਭਰ ਅਤੇ ਖੋਵੇਤੀ (ਫਲਗੁ) ਦੇ ਸੁਕੇ ਪੱਤ੍ਰ ੧ ਪੈਸਾ ਭਰ ਘਸਾ ਕੇ ਰਲਾ ਦਿਓ, ਓਸਦੇ ਪੀਣ ਨਾਲ ਉਦਰ ਰੋਗ ਨਸ਼ਟ ਹੋਕੇ ਸਾਰੇ ਵਿਕਾਰ ਦਸਤਾਂ ਦੇ ਰਾਹੀਂ ਦੂਰ ਹੋ ਜਾਂਦੇ ਹਨ, ਬੱਚਿਆਂ ਨੂੰ ਇਸ ਦਾ ਚੌਥਾ ਜਾਂ ਅਠਵਾਂ ਹਿੱਸਾ ਦੇਣਾ ਚਾਹੀਦਾ ਹੈ। (੬)ਪਾਂਡੂ ਰੋਗ ਵਾਸਤੇ ਰੋਜ ਸਵੇਰੇ ਰੋਗੀ ਦੀ ਉਮਰ ਅਨੁਸਾਰ ਗਊ ਮੂਤ੍ਰ ਕਪੜੇ ਵਿਚ ਪੁਣਕੇ ਰੋਗ ਦਾ ਘਾਟਾ ਵਾਧਾ ਵੇਖਕੇ ੪੨ਜਾਂ੨੧ ਦਿਨ ਤਕ ਪਿਆਓ। (੭) ਗਊ ਮੂਤ੍ਰ ਕੁਝ ਗਰਮ ਕਰਕੇ ਓਸ ਨਾਲ ਕੰਨ ਧੋਤਿਆਂ ਕੰਨ ਵਗਣੋਂ ਹਟ ਜਾਂਦਾ ਹੈ।

**ਗਊ ਦਾ ਗੋਹਿਆ**—ਬਦਬੋ ਨੂੰ ਦੂਰ ਕਰਨ ਵਾਲਾ, ਸੁਧ ਕਰਨ ਵਾਲਾ, ਦਸਤ ਲਿਆਉਣ ਵਾਲਾ, ਅੰਨ ਆਦਿਕਬੀਆਂਨੂੰ ਵਧਾਉਣ ਵਾਲਾ,ਮੋਟਾ ਕਰਨ ਵਾਲਾ, ਕ੍ਰਾਂਤਿ ਕਰ ਅਤੇ ਲੇਪ ਨਾਲ ਥੇਧਿਆਈ ਦੂਰ ਕਰਨ ਵਾਲਾ ਅਤੇ ਮੈਲ ਹਟਾਉਣ ਵਾਲਾ ਹੈ (੧) ਮ੍ਰਿਤ ਗਰਭ (ਪੇਟ ਦੇ ਅੰਦਰੋਂ ਮੋਇਆ ਹੋਇਆ)ਬੱਚਾ ਕਢਣ ਵਾਸਤੇ ਗੋਹੇ ਦਾ ਸੱਤ ਤੋਲੇ ਪਾਣੀ ਗੋਕੇ ਦੁਧ ਵਿਚ ਦੇਣਾਚਾਹੀਦਾ ਹੈ(੨)ਗੁਦਭ੍ਰੰਸ਼(ਢੁੰਡਰੀ)ਨਿਕਲਦੀ ਹੋਵੇ ਤਾਂ ਗੋਹਜਾਗਰਮ ਕਰਕੇ ਓਸ ਨਾਲ ਓਸ ਨੂੰ ਸੇਕਣਾ(੩)ਮੁੜ੍ਹਕਾ ਹਟਾਉਣ ਵਾਸਤੇ ਸੁੱਕਾ ਗੋਹਿਆ ਅਤੇ ਲੂਣ ਰਖਣ ਵਾਲਾ ਪੁਰਾਣਾ

ਘੜਾਦੇਵੇਂ ਪੀਹਕੇ ਸਰੀਰ ਉਤੇ ਮਲੋ(੪)ਸੁੱਕੀ ਖੁਰਕਹੋਵੇ ਤਾਂ ਰੋਹਿਆ ਸਰੀਰ ਉਤੇ ਮਲਕੇ ਰੋਜ ਗਰਮਪਾਣੀ ਨਾਲ ਨ੍ਹਾਓ,ਗੋਹੇ ਦੀ ਸੁਆਹ ਗੰਦ ਸੁਕਾਉਂਣ ਵਾਲੀ ਫੁੱਟ (ਜਖ਼ਮ) ਭਰਨ ਵਾਲੀ, ਭੁਖ ਲਾਉਂਣ ਵਾਲੀ, ਬਦ ਬੋ ਨਾਸਕ, ਅਨਾਜ ਵਧਾਉਂਣ ਵਾਲੀ, ਕੀੜੇ ਦੂਰ ਕਰਨ ਵਾਲੀ,ਸ਼ੋਧਕ ਅਤੇਠੰਢ ਹਟਾਉਂਣ ਵਾਲੀਹੈ(੫)ਸੀਤਲਾ ਹਟਕੇ ਫੋੜੇ ਜੇਹੇ ਹੋ ਜਾਂਦੇ ਹਨ, ਓਹਨਾਂ ਉਤੇ ਗੋਹੇ ਦੀ ਸੁਆਹ ਕੱਪੜ ਛਾਣ ਕਰਕੇ ਧੂੜ ਦੇਣੀ ਚਾਹੀਦੀ ਹੈ (੬) ਸਧਾਰਣ ਜਖਮ ਉਤੇ ਗੋਹੇ ਦੀ ਸੁਆਹ ਘਿਉ ਵਿਚ ਲਾਉਂਣੀ ਅਤੇ (੭)ਸੁਆਹ ਵਿਚ ਅਨਾਜ ਰੱਖਣ ਨਾਲ ਕੀੜਾ ਨਹੀਂ ਲਗਦਾ ਏਹ ਸਾਰੇ ਲੋਕ ਜਾਣਦੇ ਹਨ।

ਇਸ ਵਾਰੀ ਇਹ ਪੁਸਤਕ ਅਸਲ ਦੇ ਅਨੁਸਾਰ ਹੀ ਉਲਥਾਈ ਗਈ ਹੈ। ਆਸ ਹੈ ਕਿ ਦੂਸਰੀ ਵਾਰ ਇਹ ਪੁਸਤਕ ਹੋਰ ਬਹੁਤ ਸਾਰੇ ਆਪਣੇ ਤਜਰਬੇ ਸਾਥ ਸ਼ਾਮਲ ਹੋਣ ਕਰਕੇ ਦੁਗਨੀ ਤੋਂ ਭੀ ਵੱਡੀ ਹੋਜਾਵੇਗੀ।

ਇਤੀ

ਏਹ ਸੱਚ ਤੇ ਅਟਲ ਹੈ!

ਕਿ ਤਦ ਤਕ ਕੋਈ ਦੇਸ਼ ਭੀ ਉੱਨਤ ਨਹੀਂ ਹੋ ਸਕਦਾ ਜਦ ਤਕ ਉਸ ਦੇਸ਼ ਦੀ ਭਾਸ਼ਾ ਨੂੰ ਉੱਨਤੀ ਦੇ ਸਿਖਰ ਨਾ ਪੁਚਾਯਾ ਜਾਵੇ! ਜਿਸ ੨ ਦੇਸ਼ ਜਾਂ ਕੌਮ ਨੇ ਉੱਨਤੀ ਕੀਤੀ ਹੈ ਸ੍ਵਦੇਸ਼ ਭਾਸ਼ਾ ਪ੍ਰਚਾਰ ਦੇ ਪ੍ਰਭਾਵ ਹੀ ਕੀਤੀ ਹੈ। ਉੱਨਤ ਦੇਸ਼ਾਂ ਤੇ ਕੌਮਾਂ ਨੂੰ ਦੇਖ ਕੇ ਸਾਡੇ ਸ੍ਵਦੇਸ਼ੀ ਭਰਾਵਾਂ ਨੂੰ ਭੀ ਉੱਨਤੀ ਦਾ ਉਤਸ਼ਾਹ ਹੋਇਆ ਹੈ ਪਰ ਅਰੰਭ ਵਿਚ ਹੀ ਓਹ ਉਲਟੇ ਰਾਹ ਪਏ ਹਨ ਜੋ ਸ੍ਵਦੇਸ਼ ਭਾਸ਼ਾ (ਪੰਜਾਬੀ) ਵੱਲ ਥੋਹੜੇ ਗਿਣੇ ਮਿਥੇ ਸੱਜਣਾਂ ਦੇ ਬਿਨਾਂ ਓਨਾਂ ਦਾ ਧਿਆਨ ਹੀ ਨਹੀਂ! ਸਗੋਂ ਬਹੁਤ ਸਾਰੇ ਮਾਤ੍ਰੀ ਭਾਸ਼ਾ ਦੇ ਵਿਰੋਧੀ ਹੋ ਰਹੇ ਹਨ! ਜਦ ਤਕ ਸ੍ਵਦੇਸ਼ ਭਾਸ਼ਾ ਦਾ ਪ੍ਰਚਾਰ ਨਾਂ ਹੋਵੇ ਤਦ ਤਕ ਉਸ ਦੇਸ਼ ਦੀ ਉੱਨਤੀ ਕਠਨ ਹੀ ਨਹੀਂ ਸਗੋਂ ਅਣਹੋਣੀ ਹੈ! ਕੋਈ ਭੀ ਭਾਸ਼ਾ ਤਦ ਤਕ ਉੱਨਤ ਨਹੀਂ ਹੋ ਸਕਦੀ ਜਦ ਤਕ ਹਰ ਤਰਾਂ ਦੇ ਖ਼ਯਾਲ (ਪੁਸਤਕ, ਪੱਤ੍ਰ ਆਦਿ) ਉਸ ਵਿਚ ਨਾ ਮਿਲਨ, ਸੋ ਹਰ ਇਕ ਦੇਸ਼ ਹਿਤੂ ਦਾ ਧਰਮ ਹੈ, ਕਿ ਜਿੰਨਾ ੨ ਹੋ ਸਕੇ 'ਸ੍ਵਦੇਸ਼ ਭਾਸ਼ਾ' ਦੇ ਪ੍ਰਚਾਰ ਵਾਸਤੇ ਉੱਦਮ ਕਰੇ, ਇਹਨਾਂ ਵਿਚਾਰਾਂ ਅਨੁਸਾਰ ਹੀ ਏਸ 'ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ' ਦਾ ਅਰੰਭ ਕੀਤਾ ਗਿਆ ਹੈ! ਜਿਸ ਵਿਚ ੫੦ ਦੇ ਕਰੀਬ ਸੁੰਦਰ ੨ ਲੋੜ ਵੰਦੇ ਪੁਸਤਕ ਤਿਆਰ ਹੋ ਚੁਕੇ ਹਨ, ਜੇ ਦੇਸ਼ ਅਰ ਦੇਸ਼ ਭਾਸ਼ਾ ਦੇ ਹਿਤਕਾਰੀਆਂ ਨੇ ਉਤਸ਼ਾਹ ਵਧਾਯਾ ਤਦ ਆਸ਼ਾ ਹੈ ਕਿ ਅਨੇਕ ਸੁੰਦਰ ੨ ਪੁਸਤਕ ਰੂਪ ਮੋਤੀ ਏਸ ਲੜੀ ਵਿਚ ਪ੍ਰੋਤੇ ਜਾਣਗੇ! ਪ੍ਰਕਾਸ਼ਤ ਪੁਸਤਕਾਂ ਦੀ ਸੂਚੀ ਪੱਤ੍ਰ ਅੱਡ ਮੰਗਵਾ ਕੇ ਦੇਖੋ, ਖਰੀਦਾਰ ਬਣੋ ਅਰ ਬਣਾਓ।

ਦਾਸ-ਮੋਹਨ ਸਿੰਘ ਵੈਦ ਮਿਉਨਿਸਪਲ ਕਮਿਸ਼ਨਰ ਮਾਲਕ ਤੇ
ਪ੍ਰਬੰਧਕ--"ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ" ਤਰਨ ਤਾਰਨ (ਪੰਜਾਬ)

# ਕ੍ਰਿਪਾਲੂ ਗੂਰਨਮੈਂਟ ਵੱਲੋਂ ਸਨਮਾਨ!

ਸਹਿਤ ਦੋ ਸੌ ਰੁਪਏ ਦਾ ਇਨਾਮ ਇਨ੍ਹਾਂ ਹੀ ੧੯੧੨ ਵਿਚ ਛਪੀਆਂ ਪੁਸਤਕਾਂ ਨਾਲ ਮਿਲਿਆ ਹੈ, ਇਨ੍ਹਾਂ ਵਿਚੋਂ ਹੀ ਛੇਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੇ ਪਰਧਾਨ ਜੀ ਦੀ ਭੇਟਾ ਕੀਤੀਆਂ ਗਈਆਂ ਸਨ, ਸੋ ਪਾਠਕ ਜੀ! ਤੁਸੀਂ ਭੀ ਹੇਠ ਲਿਖੇ ਪੁਸਤਕ ਤਨ, ਮਨ, ਧਨ, ਆਤਮਾ ਪ੍ਰਵਾਰ, ਸੰਬੰਧੀਆਂ ਅਤੇ ਸੱਜਣਾਂ ਮਿਤ੍ਰਾਂ ਦੇ ਹਿਤ ਵਾਸਤੇ ਜੋ ਪੜ੍ਹਨ ਸੁਣਨ ਯੋਗ ਅਤੀ ਉੱਤਮ ਹਨ, ਮਤਲਬ ਦਾ ਹਰਇੱਕ ਦੇ ਨਾਮ ਤੋਂ ਹੀ ਪਤਾ ਲੱਗ ਜਾਂਦਾਹੈ ਜ਼ਰੂਰ ਨਮੂਨਾ ਮਾਤ੍ਰ ਮੰਗਵਾਓ-

(੧) ਆਤਮ ਸੁਧਾਰ ।) (੨) ਸੁਖੀ ਜੀਵਨ ਦਾ ਗੁਰ ।)
(੩) ਸਰਮਟ ਠੇਲਾ ਦੀ ਚਾਲ ॥) (੪) ਵਪਾਰ ਸਿਖਯਾ ।-)
(੫) ਆਤਮ ਵਿਦਯਾ ਦਾ ਗੁਰ ।) (੬) ਸਦੂਕ ਦਾ ਮੁਰਦਾ ≡)
(੭) ਭੁਲ ਭੁਲਯਾਂ -) (੮) ਮਿੱਟੀ ਨਾਲ ਰੋਗਾਂ ਦੇ ਇਲਾਜ =)
(੯) ਇਸਤ੍ਰੀ ਧਰਮ ਸਿਮ੍ਰਤੀ ਸਾਰ -) (੧੦) ਸੁਸੀਲਾ ਨੂੰਹ ।)
(੧੧) ਗਹਿਣਾ ਸੋਰਨ ਦੇ ਔਗੁਣ )॥। (੧੨) ਸੁਭਾਗ ਕੌਰ ।)
(੧੩) ਮੁਲਾਕਾਤ ਦਰਪਨ ≡) (੧੪) ਰਾਮ ਦੇਰ ਗੋਰ ≡)
(੧੫) ਅਨੇਕ ਗਜਾਨ ਦਰਪਨ ॥) (੧੬) ਇਲਾਜ ਬਦਆ ॥)
(੧੭) ਮੰਤ੍ਰ ਸੰਪਤੀ ਸ਼ਾਸਤ੍ਰ ।-) (੧੮) ਉਪਦੇਸ਼ ਦਰਪਨ ।-)
(੧੯) ਸੁਖ ਮਾਰਗ ਪਰਕਾਸ਼ ।=) (੨੦) ਅਰੋਗਤਾ ਪ੍ਰਕਾਸ਼ -)
(੨੧) ਕਮਾਈ ਦੀ ਵਰਤੋਂ ।) (੨੨) ਸੱਪ ਦੀ ਜ਼ਹਰ ਦਾ ਇਲਾਜ -)
(੨੩) ਮਹਾਂਮਾਰੀ ਦਮਨ ।-) (੨੪) ਸ਼ੇਰ ਬਹਾਦਰ ਸ਼ੇਰ ਸਿੰਘ ≡)
(੨੫) ਅਧਾਨ ਦੇ ਦਿਨ ਤੇ ਸੰਤਾਨ ਸਿਖਯਾ ।) (੨੬) ਗਰਿਹ ਪਦਾਰਥ ਗੁਣ ਸੰਗ੍ਰਹ -) (੨੭) ਇਕ ਸਿਖ ਘਰਾਣਾ ॥) (੨੮) ਜਵਾਨ ਪੁਤ੍ਰ ਤੇ ਮਾਤਾ ਪ੍ਰਬੰਧ ॥) (੨੯) ਭੂਚਾਲ ਤੇ ਜੰਗਲਾਂ ਦਾ ਲਾਭ ਅਤੇ ਕੋਲੇ ਦੀ ਉਤਪਤੀ -) (੩੦) ਬੇਕਨ ਵਿਚਾਰ ਰਤਨਾਵਲੀ ॥)

ਪਤਾ-ਮੈਨੇਜਰ ਸ੍ਵਦੇਸ਼ ਭਾਸ਼ਾ ਪ੍ਰਚਾਰਕ ਏਜੰਸੀ,
ਤਰਨ ਤਾਰਨ(ਪੰਜਾਬ)

'ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।
ਏਤੇ ਚਾਨਣ ਹੋਂਦਿਆਂ ਗੁਰ ਬਿਨ ਘੋਰ ਅੰਧਾਰ।'

ਸ੍ਵਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੨੯

# ਸੱਚਾ ਪ੍ਰਕਾਸ਼

ਜਿਸ ਵਿਚ

ਕਦੇ ਨਾਂ ਮਿਟਣ ਵਾਲੇ ਸੱਚੇ ਪ੍ਰਕਾਸ਼ ਅਰਥਾਤ ਗੁਰਪ੍ਰਕਾਸ਼, ਜਾਗਦੀ ਜੋਤ ਦਾ ਗਜਾਨ, ਜੜ੍ਹ ਪ੍ਰਕਾਸ਼ ਤੋਂ ਸੱਚੇ ਪ੍ਰਕਾਸ਼ ਦੀ ਵਿਚਾਰ, ਪ੍ਰਕਾਸ਼ ਅਤੇ ਅੰਧੇਰੇ ਦਾ ਦ੍ਰਿਸ਼ਜ, ਫੁੱਲਾਂ ਦੀ ਪ੍ਰਫੁਲਤਾ ਆਦਿ ਅਤੀ ਪਵਿਤ੍ਰਤਾ, ਸਿਖਜਾ ਤੇ ਪ੍ਰੇਮ ਭਰ ਲੇਖ ਗੁਰਪੁਰਬ ਗੁਰਸਪਤਮਤੇ ਪੜ੍ਹਨ ਯੋਗ ਹਨ।

ਦੁਖ ਨਿਵਾਰਨ ਪਤ੍ਰ ਵਿਚੋਂ

ਲੇਖਕ ਤੇ ਪ੍ਰਕਾਸ਼ਕ

**ਭਾਈ ਮੋਹਨ ਸਿੰਘ ਵੈਦ**

ਮਿਊਨਸਿਪਲ ਕਮਿਸ਼ਨਰ

ਤਰਨ ਤਾਰਨ (ਪੰਜਾਬ)

ਜਨਵਰੀ ੧੯੧੦

ਵਜ਼ੀਰ ਹਿੰਦ ਪਰੈਸ ਅੰਮ੍ਰਿਤਸਰ ਵਿਚ ਭਾਈ ਬਹਾਦਰ ਸਿੰਘ ਮੈਨੇਜਰ ਦੇ ਯਤਨ ਨਾਲ ਛਪਕੇ ਪ੍ਰਕਾਸ਼ਤ ਹੋਇਆ॥

ਪਹਿਲੀ ਵਾਰ ੨੦੦੦ — ਭੇਟਾ ਛੇ ਪੈਸੇ

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

# ਸੱਚਾ ਪ੍ਰਕਾਸ਼ !



ਅਹਾ! ਹਾ! ਅੱਜ ਕੈਸਾ ਆਨੰਦ ਮਈ ਸਮਾਂ ਹੈ! ਦਿਲ ਪ੍ਰੇਮ ਵਿਚ ਮਗਨ ਹੋ ਰਿਹਾ ਹੈ! ਸੁਰਤ ਇਕਾਗ੍ਰਤਾ ਅਤੇ ਜ਼ਬਾਨ ਪ੍ਰੇਮ ਰਸ ਵੱਲ ਖਿਚੀਂਦੀ ਪ੍ਰਤੀਤ ਹੋ ਰਹੀ ਹੈ! ਇਸ ਵੇਲੇ ਤਾਂ ਮਨ ਭੀ ਸ਼ਾਂਤ ਰਸ ਵੱਲ ਦੌੜਨ ਦਾ ਇੱਛਾਵਾਨ ਤੇ ਖੁਸ਼ੀ ਖੁਸ਼ੀ ਦਿਸ ਰਿਹਾ ਹੈ। ਨਗਰ ਵਿਚ ਭੀ ਘਰ ਦਰ ਅਚਰਜ ਆਨੰਦ ਦਾ ਪ੍ਰਕਾਸ਼ ਹੈ। ਸੰਪੂਰਨ ਪ੍ਰਾਣੀ ਮਾਤ੍ਰ ਕਿਆ ਭੂ ਮੰਡਲ ਹੀ ਖੁਸ਼ੀ ਖੁਸ਼ੀ ਜਾਪਦਾ ਹੈ। ਇਸ ਆਨੰਦ ਮਈ ਪ੍ਰਕਾਸ਼ ਦੇ ਸਾਹਮਣੇ ਅੱਜ ਸੂਰਜ, ਚੰਦ੍ਰਮਾਂ ਆਦਿਕਾਂ ਦੇ ਪ੍ਰਕਾਸ਼ ਭੀ ਅਗੇ ਤੋਂ ਬਹੁਤ ਸੁਹਾਵਣੇ ਹੋ ਰਹੇ ਹਨ! ਇਹ ਕੈਸਾ ਪ੍ਰਕਾਸ਼ ਹੈ ?

**ਸੱਜਨ ਜੀ!** ਇਹ ਉਹ ਪਰਕਾਸ਼ ਹੈ ਜਿਸ ਤੋਂ ਚਾਨਣੇ ਨੂੰ ਚਾਨਣਾ ਪ੍ਰਾਪਤ ਹੋਇਆ। ਜਿਸ ਪ੍ਰਕਾਸ਼ ਦੇ ਨਾਂ ਹੋਣ ਕਰਕੇ ਉਹ ਅੰਧਕਾਰ ਫੈਲਿਆ ਸੀ ਕਿ ਜਿਸਦੇ ਕਾਰਨ ਨੈਣਾਂ ਪਰਾਣਾਂ ਵਾਲੇ, ਦੀਦਿਆਂ ਅੱਖਾਂ ਵਾਲੇ, ਸੂਰਜ, ਚੰਦਰਮਾਂ, ਤਾਰੇ, ਲਾਲਟੈਣਾਂ, ਮੋਮ ਬੱਤੀਆਂ ਅਤੇ ਮਿਸਾਲਾਂ ਦੇ ਪਲੀਤਿਆਂ ਦੇ ਹੁੰਦਿਆਂ ਹੀ ਦਿਨ-

ਦੀਵੀਂ ਹਨੇਰ ਕਰਨ ਲੱਗ ਪਏ ਸੇ। ਹਨੇਰ ਹੀ ਨਹੀਂ! ਉਹ ਘੋਰ ਹਨੇਰ ਸੀ ਕਿ ਜਿਸ ਨੇ ਰਾਜਾ ਪਰਜਾ ਦੋਹਾਂ ਨੂੰ ਅੰਨ੍ਹਿਆਂ ਕਰ ਦਿੱਤਾ ਸੀ। ਇੱਕ ਪ੍ਰਕਾਸ਼ ਸਰੂਪ ਸਾਖੀ ਅਪਨੀ ਅੱਖੀਂ ਡਿੱਠੀ ਉਗਾਹੀ ਇਸ ਹਨੇਰ ਦੀ ਐਉਂ ਦੇਂਦੇ ਹਨ:—

"ਕੂੜ ਅਮਾਵਸ ਸਚ ਚੰਦ੍ਰਮਾ ਦੀਸੈ ਨਾਹੀ ਕੈ ਚੜ੍ਹਿਆ।"
'ਹਉ ਭਾਲ ਵਿਕੁੰਨੀ ਹੋਈ।ਅੰਧੇਰੇ ਰਾਹੁ ਨ ਕੋਈ।"

ਇਸ ਅੰਧੇਰੇ ਦਾ ਜੋ ਜ਼ੋਰ ਉਸ ਸਮੇਂ ਦੇ ਰਾਜਿਆਂ ਪਰ ਪਿਆ ਤਿਸਦੀ ਸਾਖੀ ਐਉਂ ਭਰਦੇ ਹਨ.—

'ਕਲ ਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡਰਿਆ।'
ਪੁਨ:—"ਰਾਜੇ ਸ਼ੀਂਹ ਮਕੱਦਮ ਕੁਤੇ।
ਜਾਇ ਜਗਾਵਣ ਬੈਠੇ ਸੁਤੇ।"

ਇਸ ਅੰਧਕਾਰ ਦਾ ਜੋ ਅਸਰ ਪਰਜਾ ਪਰ ਪਿਆ ਤਿਸਦੀ ਸਾਖੀ ਉਸ ਜੋਤਦੇ ਇੱਕ ਪ੍ਰੇਮੀ ਇਸਤਰ੍ਹਾਂ ਭਰਦੇ ਹਨ—

"ਚਾਰ ਵਰਨ ਚਾਰ ਮਜ਼ਹਬਾ ਜਗ ਵਿਚ ਹਿੰਦੂ ਮੁਸਲਮਾਣੇ। ਖੁਦੀ ਬਖ਼ੀਲ ਤਕੱਬਰੀ ਖਿੰਚੋਤਾਣ ਕਰੇਨ ਧਿਙਾਣੇ। ਗੰਗ ਬਨਾਰਸ ਹਿੰਦੂਆਂ ਮੱਕਾ ਕਾਬਾ ਮੁਸਲਮਾਣੇ। ਸੁੰਨਤ ਮੁਸਲਮਾਨ ਦੀ ਤਿਲਕ ਜੰਞੂ ਹਿੰਦੂ ਲੋਭਾਣੇ। ਰਾਮ ਰਹੀਮ ਕਹਾਇੰਦੇ ਇੱਕ ਨਾਮ ਦੁਇ ਰਾਹ ਭੁਲਾਣੇ। ਬੇਦ ਕਤੇਬ ਭੁਲਾਇਕੇ ਮੋਹੇ ਲਾਲਚ ਦੁਨੀ ਸੈਤਾਣੇ। ਸੱਚ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਮਣ ਮਉਲਾਣੇ। ਸਿਰੋਂ ਨ ਮਿਟੇ ਆਵਣ ਜਾਣੇ।"

ਐਸੀ ਕਲੂ ਕਾਲ ਦੀ ਭਯਾਨਕ ਅੰਧਕਾਰ ਦੀ ਦਸ਼ਾ ਵਿਚ ਉਸ ਪ੍ਰਕਾਸ਼ ਦੇ ਸ੍ਰੀ ਪ੍ਰਕਾਸ਼ ਨੇ ਪਰਗਟ

ਹੋ ਕੇ ਹਨੇਰੇ ਵਿਚ ਠੋਕਰਾਂ ਖਾਂਦੇ (ਪਰ ਕਹਿੰਦੇ ਇਹ ਕਿ ਕੇਵਲ ਅਸੀ ਚਾਨਣੇ ਜਾਂਦੇ ਹਾਂ, ਹੋਰ ਹਨੇਰੇ ਜਾਂਦੇ ਹਨ) ਲੋਕਾਂ ਨੂੰ ਪੁਕਾਰ ਕੇ ਦੱਸ ਦਿਤਾ ਕਿ:-

"ਜੇ ਸਉ ਚੰਦਾ ਉਗਵਹ ਸੂਰਜ ਚੜ੍ਹਹ ਹਜਾਰ ।
ਏਤੇ ਚਾਨਣ ਹੋਦਿਆਂ ਗੁਰ ਬਿਨ ਘੋਰ ਅੰਧਾਰ।"

ਉਸ ਘੋਰ ਅੰਧਾਰ ਵਿੱਚ ਚਾਨਣੇ ਨੂੰ ਭੀ ਚਾਨਣਾ ਦੇਣ ਵਾਲਾ "ਗੁਰੂ" ਲੋਪ ਸੀ ਜਿਸ ਕਰਕੇ ਰੌਸ਼ਨੀ ਨਹੀਂ ਪੈਂਦੀ ਸੀ । ਓਹ ਪਰਕਾਸ਼ ਪਰਗਟ ਹੋ ਗਿਆ, ਜਿਸ ਦੇ ਪ੍ਰਕਾਸ਼ ਹੋਣਪਰਇਕ ਪ੍ਰੇਮੀ ਨੇ ਜਦ ਆਪਣੇ ਨੇਤ੍ਰ ਖੁਲ੍ਹਦੇ ਦੇਖੇ ਤਦ ਸੱਚੇ ਦਿਲ ਦੀ ਪ੍ਰੇਮ ਭਰੀ ਉਮੰਗ ਨਾਲ ਬੋਲ ਉਠੇ:- "ਸਤਗੁਰ ਨਾਨਕ ਪ੍ਰਗਟਿਆ ਮਿਟੀ
ਧੁੰਧ ਜਗ ਚਾਨਣ ਹੋਆ । ਜਿਉ ਕਰ ਸੂਰਜ
ਨਿਕਲਿਆ ਤਾਰੇ ਛਪੇ ਹਨ੍ਹੇਰ ਪਲੋਆ।"

ਇਹ ਪ੍ਰਕਾਸ਼ਾਂ ਦਾ ਪ੍ਰਕਾਸ਼ 'ਗੁਰ ਪ੍ਰਕਾਸ਼' ਨੌਂ ਜਾਮੇਂ ਧਾਰ ਕੇ ਅਪਨੇ ਚਾਨਣੇ ਨਾਲ ਰਾਜਿਆਂ ਨੂੰ ਇਹ ਪਰਕਾਸ਼ ਦੇਂਦਾ ਰਿਹਾ ਕਿ:-

"ਰਾਜੇ ਚੁਲੀ ਨਿਆਵ ਕੀ ।"

ਤੇ ਪਰਜਾ ਨੂੰ ਏਹ ਚਾਨਣ ਦਿਤਾ ਕਿ:-

ਹੋਇ ਇਕਤ੍ਰ ਮਿਲਹੁ ਮੇਰੇ ਭਾਈ ;
ਦੁਬਿਧਾ ਦੂਰ ਕਰਹੁ ਲਿਵ ਲਾਇ ।
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖ
ਬੈਸਹੁ ਸਫਾ ਵਿਛਾਇ ॥

ਨੌਂ ਜਾਮਿਆਂ ਵਿਚ ਚਾਨਣਾ ਦੇ ਦੇਕੇ ਜਗਤ ਵਿਚ ਲੱਖਾਂ ਹੀ ਦੀਵੇ ਜਗਾ ਦਿਤੇ । ਪਰ ਰਾਜ ਦਾ ਹਨੇਰ ਅਰ ਰਾਜ ਗਰਦੀ ਦੀ ਹਨੇਰੀ ਇਨ੍ਹਾਂ ਦੀਵਿਆਂ ਨੂੰ ਜਗਣ ਨਹੀਂ

ਦੇਂਦੀ ਸੀ, ਅਰ ਜਿੱਥੋਂ ਤਕ ਵਾਹ ਲੱਗੇ ਬੁਝਾਉਂਦੀ ਸੀ ਤੇ ਨਵੇਂ ਜਗਣ ਨਹੀਂ ਦੇਂਦੀ ਸੀ, ਅਰ ਘੋਰ ਅੰਧਾਰ, ਵਿਚ ਉਜਾਲਾ ਨਹੀਂ ਲੈਣ ਦਿੰਦੀ ਸੀ। ਇਸ ਲਈ ਉਸ ਪਰਕਾਸ਼ ਦੇ ਪਰਕਾਸ਼ **ਸੱਚੇ ਪ੍ਰਕਾਸ਼** ਨੇ ਦਸਮੇਂ ਜਾਮੇਂ ਵਿਚ ਫੇਰ ਪਰਗਟ ਹੋਣ ਦੀ ਠਾਨੀ। ਚਾਨਣਾ ਭੀ ਦੇਵੇ ਅਰ ਚਾਨਣੇ ਦੀ ਰੱਖਜਾ ਬੀ ਕਰੇ। ਜਗਦੇ ਦੀਵੇ ਹਨੇਰੀ ਦੇ ਰਹਮ ਉੱਤੇ ਨਾ ਛੱਡੇ ਜਾਣ, ਪਰ ਹਨੇਰੀ ਦੀ ਰੋਕ ਕੀਤੀ ਜਾਵੇ, ਤਾਂ ਜੋ ਹਨੇਰਾ ਉਨ੍ਹਾਂ ਦੇ ਪ੍ਰਕਾਸ਼ ਨਾਲ ਉਜਾਲੇ ਵਿਚ ਪਲਟ ਜਾਵੇ। ਸੋ ਇਹ ਪ੍ਰਕਾਸ਼ 'ਸਾਂਤ ਰਸ' ਅਰ 'ਬੀਰ ਰਸ' ਦਾ ਪੁੰਜ 'ਧਰ ਤੇਜ ਕਰਾਰਾ' ਪਰਗਟ ਹੋਇਆ। ਉਸ ਵੇਲੇ ਦੇ ਇਕ ਪਵਿਤ੍ਰ ਸਾਖੀ ਨੇ ਐਉਂ ਸਾਖ ਦਿੱਤੀ ਹੈ:-

"ਪ੍ਰਾਣ ਮੀਤ ਪਰਮਾਤਮਾਂ ਪੁਰਖੋਤਮ ਪੂਰਾ। ਹਰਿ ਪੇਖਨ ਹਾਰਾ ਪਾਤਸ਼ਾਹ ਪ੍ਰਤਿਪਾਲਨ ਊਰਾ। ਵਹੁ ਪ੍ਰਗਟਿਓ ਪੁਰਖ ਭਗਵੰਤ ਰੂਪ ਗੁਰੁ ਗੋਬਿੰਦ ਸੂਰਾ। ਵਹਿ ਅਨਦ ਬਿਨੋਦੀ ਚੋਜੀਆ ਸਤਿਗੁਰ ਭਰਪੂਰਾ। ਵਹਿ ਨਿਸ ਦਿਨ ਹਰਿ ਗੁਣ ਗਾਈਐ ਸਚ ਸਚੀ ਵੇਲਾ। ਵਾਹ ਵਾਹ ਗੋਬਿੰਦ-ਸਿੰਘ ਆਪੇ ਗੁਰ ਚੇਲਾ॥ ੧੪॥"

ਹੁਣ ਸਮਝੇ ਪ੍ਰਕਾਸ਼ ਕੈਸਾ? **ਉਸ ਸੱਚੇ ਪਿਤਾ ਦਾ ਸੱਚਾ ਪ੍ਰਕਾਸ਼!** ਉਸ ਦੀਨ ਦੁਨੀਆਂ ਦੇ ਵਾਲੀ ਦਾ ਪ੍ਰਕਾਸ਼! ਉਸ ਅਨਾਥਾਂ ਦੇ ਨਾਥ, ਨਿਓਟਿਆਂ ਦੀ ਓਟ, ਨਿਆਸਰਿਆਂ ਦੇ ਆਸਰੇ ਦਾ ਪ੍ਰਕਾਸ਼, ਉਸ ਪੰਥ

ਦੇ ਸਿਰਤਾਜ! ਨੀਚਾਂ ਤੋਂ ਉਚ ਬਨਾਨ ਵਾਲੇ, ਨਿਰ ਬਲਿਆਂ ਤੋਂ ਬਲੀ ਕਰਨ ਵਾਲੇ, ਸੱਤ ਦਾ ਰਾਹ ਦਿਖਲਾਨ ਤੇ ਪਖੰਡਾਂ ਦਾ ਵਿਨਾਸ਼ ਕਰਨ ਵਾਲੇ ਦਾ ਪ੍ਰਕਾਸ਼! ਉਸ ਪਾਪ ਭੰਜਨ ਨਾਮ ਦਾਨ ਦੇ ਸਚੇ ਦਾਨੀ ਦਾ ਪ੍ਰਕਾਸ਼! ਸੰਸਾਰਕ ਅਨੇਕਾਂ ਕਸ਼ਟ ਉਠਾ ਕੇ ਤੇ ਤਨ ਮਨ ਧਨ ਕਿਆ ਸਰਬੰਸ ਹੀ ਕੁਰਬਾਨ ਕਰਕੇ ਸੰਸਾਰ ਦੇ ਕਸ਼ਟ ਦੂਰ ਕਰਨ ਵਾਲੇ ਸਤਿਗੁਰੂ ਖੜਗ ਧਾਰੀ ਸ੍ਰੀ ਕਲਗੀਧਰ ??? ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼! ਓਹ ਦੈਵੀ ਪ੍ਰਕਾਸ਼ ਦੋ ਸੌ ਸਣਤਾਲੀ ਵਰ੍ਹੇ ਬੀਤੇ ਤਾਂ ਅਜ ਦੇ ਦਿਨ ਦੇਸ਼ ਦੇ ਦੁਖ ਦੂਰ ਅਨਾਥਾਂ ਦੀ ਰੱਖਯਾ ਅਤੇ ਖਾਲਸਾ ਪੰਥ ਦੇ ਪਰਗਟ ਕਰਨ ਵਾਸਤੇ ਪਟਨੇ ਸ਼ਹਰ ਵਿਚ ਹੋਯਾ। ਜੈਸਾ ਕਿ ਓਹ ਆਪ ਪ੍ਰਕਾਸ਼ ਸਰੂਪ ਤੇਜਸ੍ਵੀ ਪਿਤਾ ਜੀ ਉਚਾਰਦੇ ਹਨ:-

"ਤਹੀਂ ਪ੍ਰਕਾਸ਼ ਹਮਾਰਾ ਭਇਓ।
ਪਟਨਾ ਸ਼ਹਰ ਬਿਖੇ ਭਵ ਲਇਓ"।

ਮਿਤ੍ਰ ਜੀ! ਅਜ ਓਹ ਪਵਿਤ੍ਰ ਦਿਨ ਹੈ, ਜਦੋਂ ਪਵਿੱਤ੍ਰਤਾ ਦਾ ਆਸਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਇਸ ਭਵ ਸਾਗਰ ਵਿਚ ਆਏ ਸੇ। ਐਉਂ ਨਹੀਂ ਜਿਸਤਰਾਂ ਕਰਮਾਂ ਦੇ ਬੰਧੇ ਜੀਵ ਭਵ ਸਾਗਰ ਵਿਚ ਆਉਂਦੇ ਹਨ, ਪਰ ਐਉਂ ਜਿਕੁਰ ਮਲਾਹ ਸਾਗਰ ਵਿਚ ਜਾ ਕੇ ਡੁਬਦਿਆਂ ਨੂੰ ਕਢਦਾ ਅਰ ਗਰਕਦੇ ਬੇੜਿਆਂ ਨੂੰ ਪਾਰ ਕਰਦਾ ਹੈ। ਐਉਂ ਭਵ ਸਾਗਰ ਵਿਚ ਆਏ ਨਾਂ ਜਾਣਨਾਂ ਜਿਸਤਰਾਂ:-

"ਤੁਧਹੁ ਭੁਲੇ ਸੇ ਮਰ ਮਰ ਜੰਮਦੇ ਤਿਨ
ਕਦੇ ਨ ਚੁਕਣ ਹਾਵੇ"।

ਪਰ ਐਉਂ:—ਜਨਮ ਮਰਨ ਦੁਹਹੂ ਮੈਂ ਨਾਹੀਂ ਜਨ ਪਰ ਉਪਕਾਰੀ ਆਏ। ਜੀਅ ਦਾਨ ਦੇ ਭਗਤੀ ਲਾਇਨ ਹਰ ਸਿਉ ਲੈਨ ਮਿਲਾਏ।"

ਤੁਸੀ ਕਹੋਗੇ ਕਿਕੁਰ ? ਜਿਕੁਰ ਲੋਕ ਜਨਮ ਲੈਂਦੇ ਹਨ, ਗੁਰਾਂ ਨੇ ਜਨਮ ਲਿਆ, ਫੇਰ ਉਨ੍ਹਾਂ ਨੇ ਸਰੀਰ ਦਾ ਤਜਾਗ ਭੀ ਕੀਤਾ। ਫੇਰ ਜਨਮ ਮਰਨ ਵਿਚ ਕਿਸਤਰਾਂ ਨਾਂ ਹੋਏ ?

ਮਿਤ੍ਰ ਜੀ ! ਆਓ ਇਸ ਸੰਸਾਰ ਵਿਚੋਂ ਕੋਈ ਦ੍ਰਿਸ਼ਟਾਂਤ ਟੋਲੀਏ, ਵਾਹਗੁਰੂ ਦੇ ਭੇਤ ਸਾਨੂੰ ਠੁੱਲ੍ਹੀ ਅਕਲ ਵਾਲਿਆਂ ਨੂੰ ਸਥੂਲ ਦ੍ਰਿਸ਼ਟਾਂਤਾਂ ਬਿਨਾਂ ਸਮਝ ਨਹੀਂ ਪੈਂਦੇ, ਸੋ ਆਓ ਸੱਚੇ ਪਿਤਾ ਦੇ ਪ੍ਰਕਾਸ਼ ਨੂੰ ਭੀ ਕਿਸੇ ਦ੍ਰਿਸ਼ਟਾਂਤ ਨਾਲ ਸਮਝੀਏ, ਮਤਾਂ ਕਿਤੇ ਉਨ੍ਹਾਂ ਦੇ ਪ੍ਰਕਾਸ਼ ਨੂੰ ਜਨਮ ਮਰਨ ਨਾ ਸਮਝ ਲਈਏ। ਓਹ ਜਿਨ੍ਹਾਂ ਨੇ ਮੌਤ ਜਿੱਤ ਲਈ ਓਹ ਜਿਨ੍ਹਾਂ "ਜੀਵਨ ਮੁਕਤ ਸੁ ਆਖੀਏ ਮਰ ਜੀਵੇ ਮਰੀਆ" ਦੇ ਪਦ ਤੋਂ ਬੀ ਉਚੇਰਾ ਕਦਮ ਰਖਿਆ, ਆਓ ਉਨ੍ਹਾਂ ਦੇ ਦੈਵੀ ਪ੍ਰਕਾਸ਼ ਨੂੰ ਸਮਝੀਏ ਕਿ ਉਹ ਕਿਆ ਹੈ। ਸਾਡੇ ਜਨਮ ਤੇ ਉਸ ਪ੍ਰਕਾਸ਼ ਵਿਚ ਕਿਆ ਭੇਦ ਹੈ, ਕਿਉਂ ਉਨ੍ਹਾਂ ਦੇ ਪ੍ਰਕਾਸ਼ ਨੂੰ "ਜਨਮ ਮਰਨ ਦੁਹਹੂ ਮੈਂ ਨਾਹੀਂ" ਕਿਹਾ ਹੈ ? ਕਿਉਂ ਪ੍ਰੇਮ ਭਰਿਆ ਹਿਰਦਾ ਉਨ੍ਹਾਂ ਦਾ ਪ੍ਰਕਾਸ਼ ਦੇਤੇ ਕਰਦਾ ਹੀ ਸ਼ਾਂਤ ਨਿਰਮਲ ਤੇ ਹੌਲਾ ਫੁਲ ਹੋਇਆ ਉਛਲਦਾ ਅਤੇ ਐਉਂ ਗਾਉਂਦਾ ਹੈ।

"ਸਫਲਾ ਸੁ ਦਿਨ ਸੁ ਰੈਣ ਸੁਹਾਵੀ ਅਨੰਦ ਮੰਗਲ ਰਸ ਘਨਾ। ਪ੍ਰਗਟੇ ਗੁਪਾਲ ਗੋਬਿੰਦ ਲਾਲਨ ਕਵਨ ਰਸਨਾ ਗੁਣ ਭਨਾ।"

ਮਿਤ੍ਰ ਜੀ ! ਬੰਦੀਖਾਨਾ ਜਿਸਨੂੰ ਅੱਜ ਕੱਲ'ਜੇਹਲ' ਕੈਂਹਦੇ ਹਨ ਫਲ ਭੂਮੀ ਹੈ। ਜਿਥੇ ਖੁਲੇ ਦੇਸ਼ ਦੇ ਰਹਣ ਵਾਲੇ ਖੋਟੇ ਕਰਮਾਂ ਦਾ ਬੀਜ ਕੇਰਦੇ ਹਨ। ਉਹ ਕਰਮ ਭੂਮੀ ਇਥੋਂ ਦੀ ਹੈ । ਖੋਟੇ ਕਰਮ ਕਰਕੇ ਜੇਹਲ ਵਿਚ ਉਸਦਾ ਫਲ ਭੋਗਦੇ ਹਨ। ਕਰਮਾਂ ਦੇ ਵੱਸ, ਕਰਮਾਂ ਦੀ ਜਕੜ ਬੰਦ ਬੇੜੀ, ਕੜੀ ਵਿਚ ਬਝੇ ਜੀਵ ਜੇਹਲ ਵਿਚ ਜਾਂਦੇ ਹਨ, ਓਥੇ ਦੁਖੜੇ ਭੋਗਕੇ ਕਰਮਾਂ ਦਾ ਫਲ ਮੁਕਣੇ ਤੇ ਕਰਮ ਅਧੀਨ ਉਥੋਂ ਛੁਟਦੇ ਹਨ। ਪਰ ਉਸੇ ਜੇਹਲ ਵਿਚ"ਡਾਕਟਰ ਸਾਹਿਬ"ਜਾਂਦੇ ਹਨ ਜਿਨ੍ਹਾਂ ਲਈ ਓਹ ਫਲ ਭੂਮੀ ਨਹੀਂ ਹੈ! ਨਾਂ ਕੈਦ ਹੁੰਦੇ ਹਨ! ਨਾਂ ਜਕੜੇ ਹੁੰਦੇ ਹਨ! ਓਹ ਸੁਤੰਤ੍ਰ ਹੁੰਦੇ ਹਨ, ਅਰ ਮੌਜ ਨਾਲ ਜਾਂਦੇ ਹਨ। ਜਾ ਕੇ ਉਨ੍ਹਾਂ ਦੁਖ ਭਰਿਆਂ ਦਾ ਦੁਖ ਕਟਦੇ ਹਨ, ਦਵਾ ਦਾਰੂ ਦੇਂਦੇ ਹਨ, ਅਰ ਫੇਰ ਅਪਨੀ ਮੌਜ ਨਾਲ ਚਲੇ ਜਾਂਦੇ ਹਨ। ਉਨ੍ਹਾਂ ਦਾ ਜੇਹਲ ਵਿਚ ਆਉਣਾ ਜਾਣਾ ਕੈਦੀਆਂ ਦੇ ਆਉਣ ਜਾਣ ਵਤ ਨਹੀਂ ਹੈ। ਭਾਵੇਂ ਜੇਹਲ ਦੇ ਉਸੇ ਬੂਹੇ ਤੋਂ ਡਾਕਟਰ ਤੇ ਕੈਦੀ ਦੋਵੇਂ ਲੰਘਦੇ ਹਨ, ਪਰ ਇਕ ਦੀ ਆਵਾ ਜਾਈ ਸੁਤੰਤ੍ਰ ਹੈ, ਦੂਏ ਦੀ ਪਰ ਵੱਸ ਹੈ । ਇਸੇ ਤਰਾਂ ਕਰਮਾਂ ਦੇ ਬੱਧੇ ਜੀਵ ਜੋ ਆਉਂਦੇ ਜਾਂਦੇ ਹਨ, ਸੋ ਜੰਮਦੇ ਮਰਦੇ ਕਹੇ ਜਾਂਦੇ ਹਨ, ਪਰ ਓਹ ਸਤਗੁਰੂ ਜੋ ਆਏ ਸੋ ਦੁਖੀਆਂ ਦਾ ਦੁਖ ਮੇਟਣ ਕਰਮ ਅਤੀਤ ਸ੍ਵੈ ਇਛਾ ਕਰ, ਯਾ ਮਾਲਕ ਦੀ ਰਛਾ ਵਿਚ ਕੇਵਲ ਸੰਸਾਰ ਦੇ ਦੁਖ ਦੂਰ ਕਰਨ ਅਤੇ ਸੱਚੇ ਲੋਕ ਪਰਲੋਕ ਦੇ ਸੁਖ ਦੇਣ ਆਏ, ਇਸੇ ਕਰਕੇ ਉਨ੍ਹਾਂ ਦੇ ਆਉਂਣ ਜਾਣ ਨੂੰ ਜਨਮ ਮਰਨ ਨਹੀਂ ਕੈਂਹਦੇ, ਉਨ੍ਹਾਂ ਦੇ ਚਲਾਣੇ ਨੂੰ ਜੋਤੀ ਜੋਤ ਸਮਾਉਣਾਂ

ਅਰ ਉਨ੍ਹਾਂ ਦੇ ਜਨਮ ਨੂੰ ਅਵਤਾਰ ਲੈਣਾ, ਪ੍ਰਗਟ ਹੋਣਾ, ਪ੍ਰਕਾਸ਼ ਹੋਣਾ ਕੇਂਹਦੇ ਹਨ। ਸੋ ਪਯਾਰੇ ਜੀ! ਅੱਜ ਉਸ ਸਚੇ ਪਿਤਾ ਕਲਗੀਧਰ ਜੀ ਦੇ ਪ੍ਰਕਾਸ਼ ਦਾ ਪ੍ਰਕਾਸ਼ ਮਈ ਦਿਨ ਹੈ, ਜੋ ਉਸ ਸਮੇਂ ਦੇ ਘੋਰ ਅੰਧਕਾਰ ਨੂੰ ਦੂਰ ਕਰਨ ਹੇਤ ਹੋਯਾ ਸੀ। ਓਹ ਅੰਧਕਾਰ ਜੋ ਰਾਜੇ ਅਰ ਪਰਜਾ ਦੁਹਾਂ ਨੂੰ ਵਯਾਪ ਰਿਹਾ ਸੀ ਇਸ ਪ੍ਰਕਾਸ਼ ਨੇ ਦੂਰ ਕੀਤਾ। ਰਾਜੇ ਜੋ ਉਨ ਮਤ ਹੋ ਚੁਕੇ ਸੇ, ਦੰਭੀ ਅਤੇ ਪਖੰਡੀ ਅਪਨਾ ਜੋਰ ਪਕੜ ਚੁਕੇ ਸੇ ਇਸ ਪ੍ਰਕਾਸ਼ ਦੇ ਬੀਰ ਰਸ ਦੀਆਂ ਕਿਰਨਾਂ ਨਾਲ ਵਿਧਵੰਸ ਹੋ ਗਏ, ਉਹ ਪਰਜਾ ਜੋ ਡਰਪੋਕ, ਕਾਯਰ, ਹੋਛੀ, ਨਿਮਾਣੀ, ਅਨਾਥ, ਜੜ੍ਹ ਪੂਜ, ਈਰਖਾ ਡਾਹ ਨਾਲ ਭਰੀ, ਧਰਮੋਂ ਬੇਖਬਰ ਤੇ ਪਤਤ ਹੋ ਰਹੀ ਸੀ, ਉਸ ਨੇ ਓਹ ਸਿਖੀ ਰੂਪ ਵਿਚ ਅਤਯੁਤੱਮ ਫਲ ਪੈਦਾ ਕੀਤੇ ਕਿ ਜਿਨ੍ਹਾਂ ਵਿਚ ਸ਼ਾਂਤ ਰਸ, ਭਗਤੀ ਭਾਵ ਉਪਕਾਰ, ਬੀਰਤਾ, ਨਿਰਭੈਤਾ, ਦੇਸ਼ ਪਯਾਰ, ਪ੍ਰਾਣੀ ਮਾਤ੍ਰ ਨਾਲ ਸਨੇਹ, ਮਰਦਾਨਗੀ ਤੇ ਗੰਭੀਰਤਾ ਭਰਪੂਰ ਹੋ ਗਏ। ਜਿਨ੍ਹਾਂ ਨੇ ਆਪਣੇ ਸੁਖ ਤਯਾਗੇ ਤੇ ਪਰਾਏ ਸੁਖਾਂ ਨਾਲ ਪਯਾਰ ਕੀਤਾ! ਜਿਨਾਂ ਨੇ ਅਗਯਾਨ ਦੀ ਥਾਂ ਗਯਾਨ ਫੈਲਾਯਾ। ਜਿਨ੍ਹਾਂ ਨੇ ਫਾਥੇ ਛੁਡਾਏ, ਛੁਟੇ ਧਰਮੀ ਤੇ ਧੀਰ ਕਰ ਦਿਤੇ! ਜਿਨ੍ਹਾਂ ਨੇ ਚਾਨਣਾਂ ਪਸਾਰ ਦਿਤਾ! ਜਿਨ੍ਹਾਂ ਨੇ ਦੇਸ਼ ਦੀ ਕਾਯਾਂ ਪਲਟ ਦਿਤੀ ਅਰ ਸੰਸਾਰ ਦੇ ਅਗੇ ਇਕ ਸ੍ਰੇਸ਼ਟ ਧਰਮ ਧਰ ਦਿਤਾ। ਜਿਨ੍ਹਾਂ ਦੀਆਂ ਕੁਰਬਾਨੀਆਂ ਦੀ ਤੁਫੈਲ ਆਪ ਅਨੰਦ ਭੋਗ ਰਹੇ ਹੋ! ਏਹ ਸਭ ਸਚੇ ਪਿਤਾ ਜੀ ਦੇ ਪ੍ਰਕਾਸ਼ ਦਾ ਪ੍ਰਤਾਪ ਹੈ! ਜਿਸਦੇ ਪ੍ਰਕਾਸ਼ ਦੀ ਯਾਦ ਦਾ ਅਜ ਦਾ ਪ੍ਰਕਾਸ਼ ਮਈ ਦਿਹਾੜਾ ਹੈ!

ਹੁਣ ਆਓ ਇਕ ਵਿਚਾਰ ਕਰੀਏ! ਸਤਗੁਰੂ ਜੀ ਲਿਖਦੇ ਹਨ:—"ਚਿਤਹਿ ਚਿਤ ਸਮਾਇ ਤ ਹੋਵਹ ਰਸ ਘਨਾ" ਆਓ ਅਸੀ ਬੀ ਉਸ ਪ੍ਰਕਾਸ਼ ਤੋਂ ਪ੍ਰਕਾਸ਼ਤ ਹੋਈਏ, ਉਸ ਬਿਧ ਨਾਲ ਜੋ ਇਸ ਤੁਨਹੇ ਵਿਚ ਕਹੀ ਹੈ। ਗੁਰੂ ਜੀ ਦੀ ਬਾਣੀ ਦਾ ਵੀਚਾਰ ਕਰੀਏ ਕਿ ਇਨਾਂ ਦੈਵੀ ਕਰਮਾਂ ਦੇ ਕਰਨ ਵਾਲੇ ਇਸ ਸ਼ਾਂਤ ਅਰ ਬੀਰ ਰਸ ਦੀ ਬਾਣੀ ਦੇ ਰਚਨਹਾਰ ਦਾ ਹਿਰਦਾ ਕੈਸਾ ਪਵਿਤ੍ਰ,ਕੈਸਾ ਪਰੋਪਕਾਰੀ, ਕੈਸਾ ਸ਼ਾਂਤ! ਕੈਸਾ ਉੱਜਲ ਅਰ ਕੈਸਾ ਸੂਖਮ ਗਤੀ ਵਾਲਾ ਹੋਵੇਗਾ! ਉਸ ਹਿਰਦੇ ਦਾ ਇਕ ਸਰੂਪ ਬਣਾਈਏ। ਸਰੂਪ ਨੂੰਲ੍ਹਾ ਨਹੀਂ, ਪਰ ਉਨ੍ਹਾਂ ਦੇ ਗੁਣਾਂ ਦਾ, ਉਸ ਸਗੁਣ ਮਈ ਸਚੇ ਪਿਤਾ ਦੇ ਚਿਤ ਵਿਚ ਆਪਣਾ ਚਿਤ ਸਮਾਈਏ, ਉਸ ਹਿਰਦੇ ਨਾਲ ਅਪਨਾ ਹਿਰਦਾ ਮੇਲੀਏ। ਕਿਸਤਰਾਂ? ਉਨ੍ਹਾਂ ਗੁਣਾਂ ਦੇ ਸਰੂਪ ਵਿਚ ਅਪਨਾ ਚਿਤ ਸਮਾ ਦੇਈਏ। ਜਿਸਤਰਾਂ ਤਾਰਾ ਮੰਡਲ ਦੇ ਤਾਰੇ ਆਪਣਾ ਮਧਮ ਪ੍ਰਕਾਸ਼, ਚੰਦ੍ਰਮਾਂ ਦੇ ਤੇਜ ਪ੍ਰਕਾਸ਼ ਵਿਚ ਸਮਾ ਦੇਂਦੇ ਹਨ, ਜਿਸਤਰਾਂ ਚੰਦ੍ਰਮਾ ਅਪਨਾ ਪ੍ਰਕਾਸ਼ ਸੂਰਜ ਵਿਚ ਸਮਾ ਦੇਂਦਾ ਹੈ। ਹੇ ਉਸ ਸੱਚੇ ਪਿਤਾ ਦੇ ਸਪੁਤ੍ਰ! ਪਿਤਾ ਦੇ ਦੈਵੀ ਹਿਰਦੇ ਨਾਲ ਅਪਨਾ ਹਿਰਦਾ(ਧੋ ਕੇ ਸਾਫ ਕਰਕੇ) ਮਿਲਾਓ,ਜਿਸਤਰਾਂ ਤੁਨਹੇ ਵਿਚ ਆਗਜਾ ਹੈ, ਫੇਰ ਵੇਖੋ ਕਿ ਕੈਸਾ ਰਸ ਹੁੰਦਾ ਹੈ।

ਵਾਹ ਵਾਹ ਪ੍ਰਕਾਸ਼! ਪਜਾਰੇ ਪਿਤਾ ਦਾ ਪ੍ਰਕਾਸ਼!! ਕੈਸਾ ਪਵਿੱਤ੍ਰ ਪ੍ਰਕਾਸ਼ ਹੈ!!! ਜਿਸ ਪ੍ਰਕਾਸ਼ ਨੇ ਪ੍ਰਕਾਸ਼ਤਹੋਕੇ ਫੇਰ ਅਪ੍ਰਕਾਸ਼ਤ ਹੋਣ ਦਾ ਨਾਉਂ ਨਹੀਂ ਲਿਆ,ਜਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਥੂਲ ਰੂਪ,ਤੇ ਭਾਵਾਂ ਵਿਚ

ਭਾਵ ਰੂਪ ਤੇ ਖਾਲਸੇ ਵਿਚ ਪਰਗਟ ਰੁਪ ਤੇ ਵਯਾਪਕਤਾ ਵਿਚ ਸਰਬੱਗ ਰੂਪ ਧਾਰਕੇ ਚਾਰ ਚੁਫੇਰਿਓਂ ਪਯਾਰੇ ਪਿਤਾ ਵਾਂਗੂੰ ਮਾਨੋਂ ਸਾਨੂੰ ਨਿਕਾਰੇ ਬਚਿੱਆਂ ਨੂੰ, ਅਪਨੀ ਗੋਦ ਲੈਣ ਵਾਸਤੇ ਬਾਹਾਂ ਪਸਾਰ ਰਖੀਆਂ ਹਨ। ਜੋ ਪ੍ਰਕਾਸ਼ ਸਦਾ ਦੇਂਦਾ ਤੇ ਮਿਠੀ ਸੁਰ ਨਾਲ ਆਖਦਾ ਹੈ:-

"ਤੁਮ ਘਰ ਆਵਹੁ ਮੇਰੇ ਮੀਤ! 'ਤੁਮਰੇ ਦੋਖੀ ਹਰ ਆਪ ਨਿਵਾਰੇ ਅਪਦਾ ਭਈ ਬਤੀਤ" ਆਓ ਮਿਤ੍ਰੋ! ਇਸ ਚਾਨਣ ਵਿਚ ਆਓ। ਆਓ ਅਜ ਪ੍ਰਕਾਸ਼ ਦੇ ਪ੍ਰਕਾਸ਼ਤ ਹੋਣ ਦੀ ਯਾਦਗਾਰ ਦਾ ਦਿਨ ਹੈ। ਆਓ ਅਜ ਹੰਬਲਾ ਮਾਰਕੇ ਇਸ ਪ੍ਰਕਾਸ਼ ਵਿਚ ਆਵੀਏ, ਅਰ ਯੋਗ ਪਿਤਾ ਦੇ ਯੋਗ ਸਪੁਤ ਬਣੀਏਂ।

## ਪ੍ਰਕਾਸ਼ ਤੋਂ ਸੱਚੇ ਪ੍ਰਕਾਸ਼ ਦਾ ਗਯਾਨ!

ਪ੍ਰਕਾਸ਼ ਅਰਥਾਤ 'ਰੌਸ਼ਨੀ' ਕੀ ਚੀਜ਼ ਹੈ? ਇਸ ਸਵਾਲ ਤੇ ਵਖ ਵਖਰੇ ਸਮਿਆਂ ਦੇ ਸਿਆਣਿਆਂ ਦੀਆਂ ਵਖੋ ਵੱਖ ਰਾਵਾਂ ਹਨ, ਸਾਨੂੰ ਇਥੇ ਇਸ ਵੇਲੇ ਇਸ ਝਮੇਲੇ ਵਿਚ ਪੈਣ ਦੀ ਆਵਸ਼ਜਕਤਾ ਨਹੀਂ ਹੈ, ਸਗੋਂ ਅਸਾਂ ਦੇਖਣਾ ਹੈ ਕਿ ਪ੍ਰਕਾਸ਼ ਦਾ ਕੀ ਸੁਭਾਵ ਹੈ! ਅਰ ਕਿਸ ਬਿਧ ਪ੍ਰਕਾਸ਼ ਤੋਂ ਪ੍ਰਕਾਸ਼ ਮਾਨ ਹੋ ਸਕੀਦਾ ਹੈ, ਅਰ ਇਸ ਕਿਸੇ ਹੋਰ ਪ੍ਰਕਾਸ਼ਕ ਦੀ ਸੱਤਾ ਨਾਲ ਉਪਜੇ ਹੋਏ ਪ੍ਰਕਾਸ਼ ਤੋਂ ਉਸ ਸੱਚੇ ਪ੍ਰਕਾਸ਼ ਦੀ ਪ੍ਰਾਪਤੀ ਵਾਸਤੇ ਅਸੀਂ ਕੀ ਕੀ ਸਿਖਯਾ ਪ੍ਰਾਪਤ ਕਰ ਸਕਦੇ ਹਾਂ।

(੧) ਪ੍ਰਕਾਸ਼ ਦਾ ਪਹਿਲਾ ਧਰਮ ਇਹ ਹੈ ਕਿ ਜਿੱਥੇ ਸਿੱਧਾ ਤੇ ਸਾਫ਼ ਰਸਤਾ ਹੋਵੇ ਉਥੇ ਸਿਧਾ ਤੇ ਸਾਫ਼ ਪ੍ਰਕਾਸ਼ ਹੁੰਦਾ ਹੈ ਵਿੰਗੀ ਟੇਢੀ ਜਗਾ, ਤਥਾ ਖਰਾਬ ਝਰੋਖਿਆਂ ਵਿਚ ਸਾਫ਼ ਸਾਫ਼ ਨਹੀਂ ਪਹੁੰਚਦਾ। ਅਰਥਾਤ ਪ੍ਰਕਾਸ਼ ਅਗਲੀ ਸ਼ੈ ਤੇ ਸਿਧੇ ਤੇ ਸਰਲ ਰਾਹ ਥਾਣੀ ਜਾਕੇ ਪੈਂਦਾ ਹੈ, ਏਸ ਗਲ ਦਾ ਨਿਸਚਾ ਲੰਗਰ ਦੇ ਕੋਠੇ ਵਿਚ ਚੰਗੀ ਤਰਾਂ ਹੋ ਸਕਦਾ ਹੈ ਜਦ ਕਿ ਰੌਸ਼ਨ ਦਾਨ ਦੀ ਮੋਰੀ ਵਿਚ ਦੀ ਲੰਘਕੇ ਧੂੰ ਥਾਂਣੀ ਕਿਰਨਾਂ ਪੈਂਦੀਆਂ ਹੋਨ, ਤਦ ਸਾਫ਼ ਦਿਸਦਾ ਹੈ ਕਿ ਝਰੋਖਿਓਂ ਲੈ ਕੇ ਜ਼ਮੀਨ ਤਕ ਐਨ ਨੱਕ ਦੀ ਸੇਧ ਗਿਆ ਹੈ ਤੇ ਇਕੋ ਜਿਤਨੇ ਅਕਾਰ ਵਿਚ ਆਦੋਂ ਅੰਤ ਤਕ ਹੈ, ਪਰੰਤੂ ਜਿੱਥੇ ਵਿੰਗੇ ਟੇਢੇ ਝਰੋਖੇ ਹੋਣ ਉਥੇ ਠੀਕ ਪ੍ਰਕਾਸ਼ ਨਹੀਂ ਪਹੁੰਚਦਾ। ਉਦਾਹਰਨ ਵਾਸਤੇ ਟੇਢੇ ਝਰੋਖਿਆਂ ਵਾਲਿਆਂ ਬਨੇਰਿਆਂ ਤੇ ਲਗੇ ਹੋਏ ਮਿਟੀ ਦੇ ਦੇਸੀ ਪਿੰਜਰੇ ਤਥਾ ਰੇਲਾਂ ਦੀਆਂ ਬਾਰੀਆਂ ਦੇ ਸ਼ੀਸ਼ਿਆਂ ਦੇ ਨਾਲ ਦੀਆਂ ਦੂਜੀਆਂ ਝਿਰਮਲੀਆਂ ਖਿੜਕੀਆਂ ਜਿਨ੍ਹਾਂ ਦੇ ਵਿਚੋਂ ਹਵਾ ਦੇ ਆਵਣ ਜਾਣ ਦੇ ਰਸਤੇ ਤਾਂ ਸਾਰੇ ਖੁਲੇ ਹੁੰਦੇ ਹਨ ਪ੍ਰੰਤੂ ਉੱਪਰ ਥੱਲੀ ਟੇਢਾ ਤੇ ਤ੍ਰਿਛਪਣਾ ਹੋਨ ਕਰਕੇ ਪ੍ਰਕਾਸ਼ ਨਹੀਂ ਪਹੁੰਚ ਸਕਦਾ।

(੨) ਪ੍ਰਕਾਸ਼ ਦਾ ਦੂਜਾ ਧਰਮ ਇਹ ਹੈ ਕਿ ਪ੍ਰਕਾਸ਼ ਕਰਤਾ ਵਸਤੂ ਦੇ ਜਿਤਨਾ ਸਨਮੁਖ ਹੋਵੇ ਉੱਤਨਾ ਹੀ ਉਹ ਅਧਿਕ ਪ੍ਰਕਾਸ਼ਤ ਹੋਵੇ ਗਾ, ਜਿਤਨਾ ਦੂਰ ਉੱਤਨਾ ਹੀ ਘਟ, ਅਰ ਘਾਟਾ ਭੀ ਬਹੁਤਾਇਤ ਨਾਲ ਹੁੰਦਾ ਹੈ, ਅਰਥਾਤ ਪ੍ਰਕਾਸ਼ ਕਰਨ ਵਾਲੀ ਸਤਾ ਤੋਂ ਪ੍ਰਕਾਸ਼ ਮਾਨ ਹੋਣ ਵਾਲੀ ਵਸਤੂ ਦਾ ਜਿਤਨਾ ੨ ਫਰਕ ਵਧਦਾ ਜਾਂਦਾ

ਹੈ ਉਤਨਾ ਉਤਨਾ ਹੀ ਚਮਕ ਦੀ ਬਹੁਲਤਾ ਵਿੱਚ ਘਾਟਾ ਪੈਂਦਾ ਜਾਂਦਾ ਹੈ। ਉਦਾਹਰਨ ਵਾਸਤੇ ਦੇਖ ਲਵੋ ਕਿ ਦੀਵੇ ਤੋਂ ਇਕ ਹਥ ਤੇ ਪਈ ਚੀਜ਼ ਤੇ ਜਿਤਨਾ ਪ੍ਰਕਾਸ਼ (ਰੌਸ਼ਨੀ) ਹੈ ਉਸ ਤੋਂ ਚੌਥਾ ਹਿੱਸਾ ਦੋ ਹੱਥ ਦੇ ਫਾਸਲੇ ਤੇ ਪਈ ਵਸਤ ਤੇ ਪ੍ਰਕਾਸ਼ ਹੋਵੇਗਾ। ਇਸੇਤਰਾਂ ਤਿੰਨ ਹੱਥ ਤੇ ਦੂਰ ਪਈ ਚੀਜ਼ ਤੇ ਨੌਵਾਂ ਹਿੱਸਾ ਅਰ ੪ ਹਥ ਤੇ ਪਈ ਵਸਤ ਦਾ ਸੋਲਵਾਂ ਹਿੱਸਾ ਚਾਨਣਾ ਰੇਹ ਜਾਵੇਗਾ। ਅਗਾਹਾਂ ਏਸੇ ਹਿਸਾਬ ਘਾਟਾ ਹੁੰਦਾ ਜਾਂਦਾ ਹੈ।

(੩) ਪ੍ਰਕਾਸ਼ ਦਾ ਤੀਸਰਾ ਧਰਮ ਇਹ ਹੈ ਕਿ ਜਿਸ ਉਪਰ ਪ੍ਰਕਾਸ਼ ਦਾ ਸ਼ਬਾ ਪਵੇ ਅਰਥਾਤ ਪ੍ਰਕਾਸ਼ਤ ਵਸਤੁ ਅੰਧੇਰੇ ਵਿਚ ਖੜਿਆਂ ਤੋਂ ਭੀ ਨਹੀਂ ਛਪ ਸਕਦੀ। ਹਨੇਰੇ ਵਿਚ ਤਥਾ ਦੂਰ ਖੜੇ ਪ੍ਰਾਣੀ ਭੀ ਪ੍ਰਕਾਸ਼ ਮਾਨ ਵਸਤੂ ਨੂੰ ਦੇਖ ਸਕਦੇ ਹਨ। ਪ੍ਰਕਾਸ਼ਮਾਨ ਵਸਤੂ ਨੂੰ ਆਪ ਇਸ ਯਤਨ ਦੀ ਲੋੜ ਨਹੀਂ ਕਿ ਮੈਂ ਲੋਗਾਂ ਨੂੰ ਅਪਣਾਂ ਪ੍ਰਕਾਸ਼ ਪ੍ਰਗਟ ਕਰਾਂ। ਆਪਣੇ ਆਪ ਹੀ ਦੂਜੇ ਪ੍ਰਕਾਸ਼ ਵਿਚ ਖਿਚੇ ਜਾਵਨਗੇ, ਅਰਥਾਤ ਪ੍ਰਕਾਸ਼ ਦੇ ਸੰਜੋਗ ਕਰਕੇ ਨਾਂ ਦਿਸਨ ਵਾਲੀਆਂ ਚੀਜ਼ਾਂ ਭੀ ਦਿਸ ਪੈਂਦੀਆਂ ਹਨ ਜੈਸਾ ਕਿ ਰਾਤ ਬਲਦੀ ਅਗ ਸੇਕਦੇ ਆਦਮੀ ਦੂਰ ਹਨੇਰੇ ਖੜੋਤੇ ਆਦਮੀ ਨੂੰ ਦਿਸਦੇ ਹਨ, ਕਾਰਣ ਇਹ ਕਿ ਅੱਖਾਂ ਭੀ ਪ੍ਰਕਾਸ਼ ਮਯ ਹਨ ਅੱਖਾਂ ਰੂਪ ਪ੍ਰਕਾਸ਼ ਉਸ ਅਗਨੀ ਦੇ ਪ੍ਰਕਾਸ਼ ਵਿਚ ਅਭੇਦ ਹੋਕੇ ਪ੍ਰਕਾਸ਼ ਮਾਨ ਵਸਤਾਂ ਨੂੰ ਅਨਭਵ ਕਰਦਾ ਹੈ। ਪ੍ਰੰਤੂ ਉਨ੍ਹਾਂ (ਪ੍ਰਕਾਸ਼ਮਾਨ ਪ੍ਰਾਣੀਆਂ) ਦੀਆਂ ਪ੍ਰਕਾਸ਼ ਰੂਪ ਅਖਾਂ ਨੂੰ ਓਹ ਸੈਹਕਾਰੀ ਪ੍ਰਕਾਸ਼ ਜਿਸ ਵਿਚ ਅਭੇਦ ਹੋਕੇ ਹਨੇਰੇ ਖੜੋਤੇ ਆਦਮੀ ਨੂੰ ਅਨਭਵ ਕਰਨੇ, ਪ੍ਰਾਪਤ ਨਹੀਂ, ਇਸ

ਲਈ ਨਹੀਂ ਦਿਸਦਾ, ਇਸਤੇ ਪ੍ਰਕਾਸ਼ ਵਿਚ ਲਘੁਤਾ ਨਹੀਂ ਹੋ ਸਕਦੀ।

(੪) ਪ੍ਰਕਾਸ਼ ਦਾ ਚੌਥਾ ਧਰਮ ਇਹ ਹੈ ਕਿ ਆਪ ਸ੍ਵੱਛ ਹੁੰਦੇ ਹੋਏ ਭੀ ਜਿਸ ਰੰਗਤ ਪਰ ਪ੍ਰਕਾਸ਼ ਦੀ ਝਲਕ ਪਵੇਗੀ ਉਸੇ ਹੀ ਰੰਗਤ ਦਾ ਪ੍ਰਤੀਤ ਹੋਵੇਗਾ, ਪ੍ਰੰਤੂ ਉਸ ਦੀ ਸੁਤੰਤਰ ਸ੍ਵਛਤਾ ਵਿਚ ਫਰਕ ਨਹੀਂ ਪਵੇਗਾ। ਜੈਸਾ ਕਿ ਆਪ ਨੇ ਕਈ ਵਾਰ ਰੰਗੀਨ ਸ਼ੀਸ਼ਿਆਂ ਜੜਤ ਦਰ-ਵਾਜ਼ਿਆਂ ਵਿਚ ਦੀ ਪੈਂਦੀ ਧੁਪ ਦੇਖੀ ਹੋਵੇਗੀ।

(੫) ਪ੍ਰਕਾਸ਼ ਦਾ ਪੰਜਵਾਂ ਧਰਮ ਇਹ ਹੈ ਕਿ ਪ੍ਰਸ਼ਾਕ ਦੀ ਝਲਕ ਪੈਣ ਦਾ ਸਮਾਂ ਕੋਈ ਨਹੀਂ ਜਾਣ ਸਕਦਾ। ੪੦ ਕੋਸ ਦੇ ਫਾਸਲੇ ਤੇ ਬੈਠੇ ਦੋ ਸਜਨਾਂ ਨੂੰ ਸੂਰਜ ਦਾ ਪ੍ਰਕਾਸ਼ ਪਹੁੰਚਨ ਦੀ ਦੇਰੀ ਅਤਜੰਤ ਠੀਕ ਸਮਾਂ ਦੇਣ ਵਾਲੀ ਕੀਮਤੀ ਅਰ ਸੈਕਿੰਡ ਦੇ ਕਈ ਹਿੱਸੇ ਦਸਣ ਵਾਲੀ ਘੜੀ ਭੀ ਨਹੀਂ ਦਸ ਸਕਦੀ ਕਿ ਕਿਸ ਨੂੰ ਕਿਤਨਾ ਚਿਰ ਪਿਛੋਂ ਪ੍ਰਕਾਸ਼ ਹੋਇਆ ਹੈ। ਇਸ ਵਿਦਜਾ ਦੇ ਗਜਾ-ਨੀਆਂ ਨੇ ਇਹ ਅਨੁਮਾਨ ਕੀਤਾ ਹੈ ਕਿ ਪ੍ਰਕਾਸ਼ ਦੀ ਰਫਤਾਰ ਬਾਹਲੀ ਹੀ ਤਿੱਖੀ ਹੈ, ਇਕ ਸੈਕਿੰਡ ਵਿਚ ੧੯੫੦੦੦ ਮੀਲ ਜਾਂਦਾ ਹੈ, ਸੂਰਜ ਦੀਆਂ ਕਿਰਨਾਂ ੭ ਮਿੰਟ ਵਿਚ ਧਰਤੀ ਤੇ ਅਪੜ ਪੈਂਦੀਆਂ ਹਨ ਤੇ ਸੂਖਮ ਇਤਨਾ ਹੈ ਕਿ ਅਖਾਂ ਵਰਗੇ ਨਾਜ਼ਕ ਥਾਂ ਤੇ ਇਤਨੀ ਤੇਜ਼ੀ ਨਾਲ ਪੈਕੇ ਭੀ ਸੱਟ ਨਹੀਂ ਲਾਉਂਦਾ।

(੬) ਪ੍ਰਕਾਸ਼ ਦਾ ਛੇਵਾਂ ਧਰਮ ਇਹ ਹੈ ਕਿ ਸਾਫ਼ ਕੀਤੇ ਹੋਏ ਬਰਤਨਾਂ, ਦਰਪਨ ਤਥਾ ਸ੍ਵਛ, ਸ੍ਵੇਤ ਬਸਤ੍ਰ ਆਦਿਕਾਂ ਪਰ ਜਦ ਪ੍ਰਕਾਸ਼ ਦੀ ਪ੍ਰਗਟਤਾ ਹੁੰਦੀ ਹੈ ਤਦ ਉਸਦੀ ਝਲਕ ਹੋਰ ਅੰਧੇਰੀ ਥਾਵਾਂ ਤੇ ਪੈ ਕੇ ਭੀ ਪ੍ਰਕਾਸ਼

ਹੋ ਜਾਂਦਾ ਹੈ ਜਿਥੇ ਕਿ ਪ੍ਰਕਾਸ਼ ਦਾ ਲਾਭ ਉਠਾਵਨ ਵਾਸਤੇ ਸਿਧਾ ਰਸਤਾ ਨਹੀਂ। ਪ੍ਰਕਾਸ਼ਤ ਵਸਤੂ (ਜਿਸ ਤੇ ਪ੍ਰਕਾਸ਼ ਪੈਕੇ ਦੂਸਰੀ ਥਾਂ ਪ੍ਰਕਾਸ਼ ਹੋਣਾ ਹੋਵੇ) ਜਿਤਨੀ ੨ ਸ੍ਵਛ ਹੋਵੇ ਉਤਨਾ ੨ ਹੀ ਉਸਦਾ ਤੇਜ਼ ਝਲਕਾ ਪੈਕੇ ਪ੍ਰਕਾਸ਼ ਤੋਂ ਵਾਂਜੇ ਹੋਏ ਪਦਾਰਥਾਂ ਤਥਾ ਸਥਾਨਾਂ ਨੂੰ ਅਧਕ ਪ੍ਰਕਾਸ਼ਤ ਕਰਦਾ ਹੈ, ਅਰਥਾਤ ਜਿਸਤਰਾਂ ਦਰਪਨ ਆਦਿਕ ਪਦਾਰਥਾਂ ਤੇ ਪਿਆ ਹੋਇਆ ਪ੍ਰਕਾਸ਼ ਉਨ੍ਹਾਂ (ਪ੍ਰਕਾਸ਼ਿਤ ਦਰਪਨ ਆਦਿਕਾਂ) ਨੂੰ ਬਹੁਤ ਕੁਝ ਅਪਨੇ ਪ੍ਰਕਾਸ਼ਕ ਦੀ ਸਦਰਸਤਾ ਦੇਂਦਾ ਹੈ ਤੇ ਪ੍ਰਕਾਸ਼ਕ ਦੇ ਸਨਮੁਖ ਜੋ ਵਸਤਾਂ ਨਹੀਂ ਹਨ ਉਲਟਾ ਫਿਰਦਾ ਹੋਇਆ ਉਨ੍ਹਾਂ ਤਕ ਵੀ ਪਹੁੰਚਦਾ ਹੈ। ਉਦਾਹਰਣ ਵਾਸਤੇ ਆਪ ਇਕ ਦਰਵਾਜ਼ੇ ਵਿਚ ਇਕ ਦਰਪਨ (ਸ਼ੀਸ਼ਾ) ਕੁਝ ਟੇਢਾ ਕਰਕੇ ਸੂਰਜ ਦੇ ਸਨਮੁਖ ਰਖ ਦਿਓ ਤਾਂ ਸੂਰਜ ਦੀਆਂ ਕਿਰਨਾਂ ਉਸ ਸ਼ੀਸ਼ੇ ਥਾਨੀ ਹੋ ਕੇ ਉਤੇ ਛੱਤ ਨੂੰ ਜਾਂ ਸਾਹਮਣੇ ਅੰਧੇਰੇ ਵਾਲੀ ਥਾਂ ਨੂੰ (ਜਿਥੇ ਕਿ ਸਿਧੀ ਰੌਸ਼ਨੀ ਨਹੀਂ ਪੈ ਸਕਦੀ) ਜਾ ਰੌਸ਼ਨ (ਪ੍ਰਕਾਸ਼ਤ) ਕਰਦੀਆਂ ਹਨ।

(7) ਪ੍ਰਕਾਸ਼ ਦਾ ਸਤਵਾਂ ਧਰਮ ਇਹ ਹੈ ਕਿ ਕਈ ੨ ਕਾਰਣਾਂ ਤੇ ਵਕ੍ਰੀ ਭਾਵ (ਟੇਢੀ) ਥਾਵਾਂ ਪਰ ਭੀ ਪ੍ਰਕਾਸ਼ਤ ਹੁੰਦਾ ਹੈ,ਪ੍ਰੰਤੂ ਅਧਿਕ ਵਿਰਲੇ ਪਦਾਰਥਾਂ ਦੇ ਰਸਤੇ ਘੱਟ ਵਿਰਲੇ ਪਦਾਰਥਾਂ ਵਿਚ ਪ੍ਰਕਾਸ਼ ਦੀਆਂ ਕਿਰਨਾਂ ਪੂਰੀ ਤਰਾਂ ਪੈ ਸਕਦੀਆਂ ਹਨ, ਜੈਸਾ ਕਿ ਹਵਾ ਵਿਚੋਂ ਲੰਘਕੇ ਕੱਚ ਯਾ ਜਲ ਤੇ ਪੈਣ ਕਰਕੇ ਯਾ ਕੱਚ ਤੇ ਜਲ ਵਿਚੋਂ ਹੋਕੇ ਹਵਾ ਤੇ ਪੈਣ ਕਰਕੇ ਪ੍ਰਕਾਸ਼ ਤ੍ਰਿੱਛਾ ਹੋ ਜਾਂਦਾ ਹੈ। ਜੈਸੇ ਆਪ ਇਕ ਸੋਟੀ ਦਾ ਹੇਠਲਾ ਸਿਰਾ ਥੋੜਾ ਜਿਹਾ

ਭਵੇਂ ਦਿਓ ਤਦ ਓਹ ਡਿੰਗਾ (ਤ੍ਰਿੱਛਾ) ਪ੍ਰਤੀਤ ਹੋਵੇਗਾ ਯਾ ਇਕ ਛੰਨੇ ਵਿਚ ਰੁਪਯਾ ਰੱਖਕੇ ਉਸ ਵੱਲ ਤਕਦੇ ਹੋਏ ਇਤਨੀ ਦੂਰ ਹੋ ਜਾਓ ਕਿ ਰੁਪਏ ਦੇ ਸਿਰਫ ਪੈਹਲੇ ਕਿੰਗਰੇ ਹੀ ਦਿੱਸਦੇ ਰੈਹ ਜਾਵਨ, ਫੇਰ ਉਸ ਕਟੋਰੇ ਵਿਚ ਪਾਣੀ ਪਾ ਦਿਓ ਤਾਂ ਉਸੇ ਥਾਂ ਤੋਂ ਖੜੋਤਿਆਂ ਨੂੰ ਆਪ ਨੂੰ ਸਾਰਾ ਰੁਪਯਾ ਦਿਸੇਗਾ।

(੯) ਵਾਯੂ ਮੰਡਲ ਵਿਚ ਭਾਫ਼ ਆਦਿਕ ਪਦਾਰਥਾਂ ਦੇ ਵਾਧੇ ਘਾਟੇ ਨਾਲ ਵਾਯੂ ਦੀ ਵਿਰਲਤਾ ਵਿਚ ਭੀ ਵਾਧਾ ਘਾਟਾ ਹੋ ਜਾਂਦਾ ਹੈ। ਇਸੇ ਤਰਾਂ ਵਾਯੂ ਦੀ ਵਿਰ-ਲਤਾ ਦੇ ਵਾਧੇ ਘਾਟੇ ਦੇ ਕਾਰਣ ਪ੍ਰਕਾਸ਼ ਦਾ ਭੀ ਵਾਧਾ ਘਾਟਾ ਹੋ ਜਾਂਦਾ ਹੈ। ਦੂਰਬੀਨ ਆਦਿਕਾਂ ਦੇ ਸਹਾਰੇ ਸਮੀਪ ਤਥਾ ਵਰਤਮਾਨ ਪਦਾਰਥਾਂ ਦੇ ਨਾਲ ਦੂਰ ਦੀਆਂ ਪ੍ਰਕਾਸ਼ਤ ਵਸਤੂਆਂ ਦਾ ਗਜਾਨ ਭੀ ਸਹਿਜੇ ਹੀ ਹੋ ਜਾਂਦਾ ਹੈ, ਅਰਥਾਤ ਦੂਰਬੀਨ ਤੇ ਖੁਰਦਬੀਨ ਆਦਿਕਾਂ ਕਰਕੇ ਪ੍ਰਕਾਸ਼ ਅਤਿ ਦੂਰ ਦੀਆਂ ਤੇ ਅਤਿ ਸੂਖ਼ਮ ਵਸਤਾਂ ਭੀ ਵਿਖਾ ਦਿੰਦਾ ਹੈ।

ਇਹ ਵਰਤਮਾਨ ਪ੍ਰਕਾਸ਼ ਦੇ ਸੰਖੇਪ ਧਰਮ ਹਨ, ਜੋ ਉੱਪਰ ਕਥਨ ਕੀਤੇ ਗਏ ਹਨ, ਪਰ **'ਅਜ ਦਿਨ ਗੁਰਪੁਰਬ ਦਾ ਹੈ'** ਤੇ ਅਸੀ ਇਸ ਸੂਹਦੇ ਚਾਨਣੇਂ ਦੇ ਗੁਣ ਗਾਉਣ ਲਗ ਪਏ ਹਾਂ, ਇਹ ਵਿਚਾਰਾ ਜਦ ਆਪ ਹੀ 'ਪਰ ਪ੍ਰਕਾਸ਼' ਹੈ 'ਸੁਤੇ ਪ੍ਰਕਾਸ਼ ਨਹੀਂ' ਕਿਸੇ ਹੋਰਸ ਪ੍ਰਕਾਸ਼ ਦਾ ਮੁਥਾਜ ਹੈ ਤਦ ਇਸ ਨੇ ਕਿਸੇ ਹੋਰ ਨੂੰ ਕੀ ਪ੍ਰਕਾਸ਼ ਕਰ ਸਕਣਾ ਹੈ! ਆਓ ਉਸ ਸੱਚੇ ਪ੍ਰਕਾਸ਼ ਵਲ ਦ੍ਰਿਸ਼ਟੀ ਫੇਰੀਏ ਜਿਸ ਨੂੰ ਜਾਪੁ-ਸਾਹਿਬ ਵਿਚ ਨਮੋ ਸੂਰਜ

ਸੂਰਜੇ। ਨਮੋ ਚੰਦ੍ ਚੰਦ੍ਰੇ।' ਅਤੇ 'ਨਮੋ ਤੇਜ ਤੇਜੇ' ਕਥਨ ਕੀਤਾ ਹੈ। ਉਸ ਵੱਲ ਧਿਆਨ ਮਾਰੀਏ ਜਿਸ ਦੇ ਬਿਨਾਂ 'ਜੇ ਸਉ ਚੰਦਾ ਉਗਵੈ ਸੂਰਜ ਚੜਹਿ ਹਜਾਰ। ਏਤੇ ਚਾਨਣ ਹੋਦਿਆ ਗੁਰ ਬਿਨੁ ਘੋਰ ਅੰਧਾਰ' ਹੈ, ਜਿਸ 'ਸਚੇ ਪ੍ਰਕਾਸ਼' ਦੇ ਬਿਨਾ 'ਹਥਿ ਭਾਲ ਵਿਹੂਣੀ ਹੋਈ। ਅੰਧੇਰੇ ਰਾਹੁ ਨ ਕੋਈ' ਇਹ ਓਹ ਸੱਚਾ ਪ੍ਰਕਾਸ਼ ਹੈ ਜਿਸ ਤੋਂ 'ਪ੍ਰਕਾਸ਼' ਨੂੰ ਪ੍ਰਕਾਸ਼ੀ ਸੱਤਾ ਪ੍ਰਾਪਤ ਹੋਈ। ਜਿਸਦੇ ਪ੍ਰਕਾਸ਼ ਹੁੰਦੇ ਸਾਰ ਹੀ ਨਿਓਟਿਆਂ ਨੂੰ ਓਟ, ਨਿਪੱਤਿਆਂ ਨੂੰ ਪੱਤ, ਨਿਮਾਣਿਆਂ ਨੂੰ ਮਾਣ! ਨਿਤਾਣਿਆਂ ਨੂੰ ਤਾਣ! ਨਿਗਤਿਆਂ ਨੂੰ ਗਤਿ! ਨਧਿਰਿਆਂ ਨੂੰ ਧਿਰ! ਅਤੇ ਨਿਰਆਸ਼ਰਿਆਂ ਨੂੰ ਆਸ਼ਰਾ ਪ੍ਰਾਪਤ ਹੋਯਾ, ਇਸ ਸੱਚੇ 'ਪ੍ਰਕਾਸ਼' ਦੇ ਪ੍ਰਕਾਸ਼ਤ ਹੁੰਦੇ ਸਾਰ ਹੀ ਓਹ 'ਅੰਧੇਰ ਘੁਪ ਘੇਰ'! ਜਿਸ ਨੇ ਰਾਜਾ ਤਥਾ ਪਰਜਾ ਦੋਹਾਂ ਨੂੰ ਨੈਣਾਂ ਪ੍ਰਾਣਾਂ, ਦੀਵਿਆਂ, ਅੱਖਾਂ, ਸੂਰਜ, ਚੰਦ੍ਰਮਾਂ, ਤਾਰੇ, ਬਿਜਲੀ, ਲਾਲ ਟੈਨਾਂ, ਮੋਮ ਬੱਤੀਆਂ ਆਦਿ ਦੇ ਹੁੰਦਿਆਂ ਹੋਇਆਂ ਭੀ ਅੰਨ੍ਹਿਆਂ ਕਰ ਛੱਡਿਆ ਸੀ (ਉਸ ਅੰਧੇਰ ਘੁਪ ਘੇਰ ਨੂੰ) ਦੂਰ ਕਰ ਦਿਤਾ ਅਰ ਆਪਣੇ ਪ੍ਰਕਾਸ਼ ਦਵਾਰਾ ਸ੍ਰਬਤ੍ਰ ਉਜਾਲਾ ਹੀ ਉਜਾਲਾ ਕਰ ਦਿਤਾ!

ਅਸੀ ਪਹਲੇ ਸੂਰਯ, ਚੰਦਰਮਾ ਆਦਿਕ ਦੇ ਅਸਥਿਰ ਚਾਨਣੇ ਦਾ ਵਰਨਨ ਕਰ ਚੁਕੇ ਹਾਂ! ਇਹ ਚਾਨਣਾ ਪਤਾ ਨਹੀਂ ਉਸ ਸਚੇ ਪ੍ਰਕਾਸ਼ ਦੀ ਕਿਤਵੀਂ ਅੰਸ ਦਾ ਅੰਸ਼ ਮਾਤ੍ਰ ਹੋਵੇ, ਪਰ ਕੁਦਰਤ ਕਾਦਰ ਨੂੰ ਯਾਦ ਕਰਾਉਂਦੀ ਹੈ। ਇਸ ਚਾਨਣੇ (ਪ੍ਰਕਾਸ਼) ਦੇ ਧਥਮ ਸਾਨੂੰ ਉਸ ਕਾਰਨ ਰੂਪ "ਸਚੇ ਪ੍ਰਕਾਸ਼" ਦਾ

ਖਿਆਲ ਕਰਾਉਂਦੇ ਹਨ ! ਆਓ ! ਅਸੀਂ ਸਥੂਲ ਬੁਧੀ ਵਾਲੇ ਦੁਨੀਆਵੀ ਧੰਦਿਆਂ ਵਿਚ ਫਾਥੇ ਹੋਏ ਇਸ ਦੁਨੀਆਵੀ ਪ੍ਰਕਾਸ਼ "ਦੇ ਸੁਭਾਵਾਂ" (ਧਰਮਾਂ) ਨੂੰ ਅਗੇ ਰਖਕੇ ਇਸਦੇ ਦ੍ਰਿਸ਼ਟਾਂਤ ਅਨੁਸਾਰ ਉਸ ਸਚੇ ਪ੍ਰਕਾਸ਼ "ਗੁਰ ਪ੍ਰਕਾਸ਼" ਦੀ ਵਿਚਾਰ ਕਰੀਏ ! ਕਿ ਕਿਸ ਤਰਾਂ ਇਸ 'ਸਚੇ ਪਰਕਾਸ਼' ਤੋਂ ਪਰਕਾਸ਼ਤ ਹੋਕੇ ਹੋਰਨਾਂ ਨੂੰ ਪਰਕਾਸ਼ਤ ਕਰਦੇ ਹੋਏ ਅੰਧ ਅੰਧੇਰ ਤੋਂ ਬਚ ਸਕੀਦਾ ਹੈ, ਪੁਨਰ ਉਕਤਿ ਦੇ ਦੋਸ਼ ਅਰ ਸਥਾਨ ਦੇ ਬਹੁਤ ਰੁਕ ਜਾਵਨ ਦੇ ਡਰ ਤੇ ਅਸੀ ਇਥੇ ਦੁਨਿਆਵੀ 'ਪਰਕਾਸ਼' ਅਤੇ ਸੱਚੇ 'ਗੁਰ ਪਰਕਾਸ਼' ਦਾ ਮਿਲਾਨ ਇਕ ਥਾਂ ਨਹੀਂ ਕਰ ਸਕੇ । ਪਾਠਕ ਸੱਜਨ ਕ੍ਰਮ ਅਨੁਸਾਰ (ਨੰਬਰ ਵਾਰ) ਉਸਦਾ ਵਿਚਾਰ ਕਰਦੇ ਹੋਏ ਇਧਰ ਇਸ ਥੋੜੇ ਲੇਖ ਅਰ ਆਪਣੀ ਵਿਚਾਰ ਤੋਂ ਕੰਮ ਲੈਕੇ ਪਵਿੱਤਰ ਦਿਹਾੜੇ ਪਰਕਾਸ਼ਤ ਹੋਵਨ ਦੇ ਯਤਨ ਕਰਨ:–

(੧) ਸਚਾ ਪਰਕਾਸ਼ (ਗੁਰ ਪਰਕਾਸ਼) ਭੀ ਉਨ੍ਹਾਂ ਹਿਰਦਿਆਂ ਤੇ ਅਪਣਾਂ ਅਸਰ ਪਾਉਂਦਾ (ਪਰਕਾਸ਼ਤ ਕਰਦਾ) ਹੈ ਜਿਨ੍ਹਾਂ ਵਿਚ ਇਸਨੂੰ ਸਨਮੁਖ ਹਵਨ ਵਿਚ ਕੋਈ ਰੋਕ ਪਾਵਨ ਵਾਲੀ ਸ਼ੈ (ਮਦ, ਮਨਮੁਖਤਾ ਆਦਿਕ) ਨਾ ਹੋਵੇ । ਆਪਾ ਭਾਵ ਨੂੰ ਤਜਾਗਦੇ ਹੋਏ 'ਗੁਰ ਪਰਕਾਸ਼' ਨਾਲ ਮਿਲ ਕੇ ਪਰਕਾਸ਼ਤ ਹੋਣ ਲਈ ਤਿਆਰ ਹੋਵਨ । ਸਰਧਾ ਤੇ ਪਰੇਮ ਓਹ ਝਰੋਖਾ ਹੈ ਜਿਸ ਕਰਕੇ ਗੁਰੂ ਪਰਕਾਸ਼ ਨੂੰ ਹਿਰਦੇ ਅਪਨੇ ਤੇ ਸਿਧੀ ਤਰਾਂ ਖਿੱਚ ਸਕਦੇ ਹਨ, ਅਰ ਜਿੱਥੇ ਇਸ ਦੇ ਉਲਟ "ਮਨਮੁਖ ਮੂਲਹੁ

ਭੁਲਿਆ ਵਿਚ ਲਬ ਲੋਭ ਅਹੰਕਾਰ । ਝਗੜਾ ਕਰਦਿਆ ਅਨੁ ਦਿਨ ਗੁਦਰੈ ਸਬਦਿ ਨ ਕਰੈ ਵਿਚਾਰ" ਦਾ ਏਵ ਪੂਣਾ ਹੋਵੇ ਉਥੇ "ਤਿਸਨੋ ਸੁਖ ਸੁਪਨੈ ਨਹੀ ਦੁਖੇ ਦੁਖ ਵਿਹਾਇ" ਗੁਰ ਪਰਕਾਸ਼ ਦੀ ਪਰਾਪਤੀ ਨਹੀਂ ਹੋ ਸਕਦੀ ॥

(੨) ਗੁਰੂ ਤੋਂ (ਸਚੇ ਪਰਕਾਸ਼ ਤੋਂ) ਜਿਤਨਾਂ ਮਨ ਕਰਕੇ ਫਾਸਲਾ ਦੂਰ ਹੋਵੇ ਉਤਨਾਂ ਹੀ ਉਸ ਤੇ ਘਟ ਅਸਰ (ਪਰਕਾਸ਼) ਹੁੰਦਾ ਹੈ, ਜਿਤਨਾਂ ਨੇੜੇ ਹੋਵੇ ਉਤਨਾਂ ਹੀ ਜ਼ਯਾਦਾ। ਗੁਰੂ ਪਰਕਾਸ਼ ਚੇਤਨ ਹੋਵਨ ਕਰਕੇ ਇਤਨੀ ਵਿਸ਼ੇਸ਼ਤਾ ਹੈ ਕਿ ਦੀਵਾ ਆਦਕ ਪਰਕਾਸ਼ਤ (ਜਿਸ ਤੇ ਪਰਕਾਸ਼ ਪੈਂਦਾ ਹੈ) ਨੂੰ ਆਪਣੇ ਵੱਲ ਖਿੱਚ ਨਹੀਂ ਸਕਦੇ ਅਰ ਨਾਂ ਹੀ ਆਪ ਅਗਾਹਾਂ ਹੋਕੇ ਉਸ ਨੂੰ ਪਰਕਾਸ਼ਨ ਦੀ ਸੱਤਾ (ਹਿੰਮਤ) ਰਖਦੇ ਹਨ ਪਰ ਇਹ ਸੱਚਾ ਪਰਕਾਸ਼ "ਚਰਨ ਸਰਨ ਗੁਰੂ ਏਕ ਪਗ ਜਾਇ ਚਲ ਸਤਿਗੁਰ ਕੋਟ ਪੈਂਡਾ ਆਗੇ ਹੋਇ ਲੇਤ ਹੈ" ਇਕ ਵੇਰ ਮਨ ਨੂੰ ਹੱਥ ਪੈ ਜਾਵੇ, ਬਾਂਹ ਫੜੀ ਜਾਵੇ, ਫੇਰ "ਕਾਢੀ ਨਰਕ ਤੇ ਧੂਹ" ਤਥਾ "ਪਰੀਤ ਪਰੇਮ ਤਨੁ ਖਚਿ ਰਹਿਆ ਬੀਚੁ ਨ ਰਾਈ ਹੋਤ" ਫਿਰ ਘਾਟਾ ਯਾ ਵਿਛੋੜਾ ਨਹੀਂ ਹੁੰਦਾ।

(੩) ਜਿਨ੍ਹਾਂ ਗੁਰਮੁਖਾਂ ਉੱਤੇ ਇਸ ਸਚੇ ਪਰਕਾਸ਼ 'ਗੁਰੂ ਪਰਕਾਸ਼' ਦਾ ਸ਼ਬਾ ਪੈਂਦਾ ਹੈ, (ਜੇਹੜੇ ਪਰਕਾਸ਼ ਹੁੰਦੇ ਹਨ) ਓਹਨਾਂ ਦਾ ਪਰਕਾਸ਼ ਆਪੇ ਹੀ ਚਮਕ ਜਾਂਦਾ ਹੈ ਜੈਸਾ ਕਿ "ਅੰਤਰ ਬਾਹਿਕੈ ਕਰਮ ਕਮਾਵੈ ਸੋ ਚਹੁੰਕੁੰਡੀ ਜਾਣੀਐ" ਤਥਾ "ਸਗਲ ਪੁਰਖ ਮਹਿ ਪੁਰਖ ਪਰਧਾਨ" "ਪਰਗਟ ਭਇਓ ਸਭ ਲੋਅ ਮਹਿ।"

ਉਸ ਅਸਥਿਰ ਦੁਨਿਆਵੀ ਚਾਨਣੇ ਵਿਚ ਇਹ ਭਾਰੀ ਘਾਟਾ ਹੈ ਕਿ ਅੰਧੇਰੇ ਖੜ੍ਹਾ ਪਰਾਣੀ ਪਰਕਾਸ਼ਤ ਪਰਾਣੀ ਨੂੰ ਦੇਖ ਸਕਦਾ ਹੈ, ਪਰ ਪਰਕਾਸ਼ਮਾਨ ਪਰਾਣੀ ਉਸ ਅੰਧੇਰੇ ਖੜੇ ਨੂੰ ਨਹੀਂ ਦੇਖ ਸਕਦਾ, ਪਰ ਇਸ ਸਚੇ ਪਰਕਾਸ਼ ਤੋਂ ਜਦ ਹੀ 'ਪਰਕਾਸ਼' (ਗਜਾਨ) ਪਰਾਪਤਿ ਹੋਯਾ ਤਦ ਉਸੇ ਖਿਨ ਅਗਮ ਤੇ ਅਗੋਚਰ ਵਸਤਾਂ ਦਾ ਅਨਭਵ ਹੋ ਜਾਂਦਾ ਹੈ, ਤ੍ਰਿਕਾਲਗਜਤਾ ਹੁੰਦੀ ਹੈ। ਮਨ ਜੋਤ ਸਰੂਪ ਹੈ, ਜਦ ਇਸ ਨੂੰ ਇਸ ਜਾਗਦੀ ਜੋਤ (ਗੁਰ ਪਰਕਾਸ਼) ਨਾਲ ਅਭੇਦ ਹੋਣ ਦਾ ਅਵਸਰ ਮਿਲਦਾ ਹੈ ਤਾਂ ਇਹ ਸਾਰੇ ਜਗਤ ਨਾਲ ਤਦਾਕਾਰ ਹੋ ਜਾਂਦਾ ਤੇ ਸਭ ਨੂੰ ਸਰਬ ਰੂਪ ਤੇ ਜਾਣ ਲੈਂਦਾ ਹੈ।

(੪) ਸਤਿਗੁਰਾਂ ਦੇ ਸਨਮੁਖ ਬਿਨਾਂ ਕਿਸੇ ਤਰਾਂ ਦੀ ਓਟ ਦੇ ਹੋਣਾ ਹੀ ਸਭ ਤੋਂ ਸ੍ਰੇਸ਼ਟ ਹੈ, ਪਰ ਦਰਸਕ ਸ਼ੀਸ਼ੇ (ਮਹਾਤਮਾਂ) ਜੇ ਕਿਸੇ ਹੋਰ ਰੰਗ (ਗੁਰੂ ਡੰਮ ਆਦਿਕ) ਕਰਕੇ ਰੰਗੀਨ ਹੋਏ ਤਾਂ ਉੱਜਲ ਤੇਜਸ੍ਵੀ ਉਜਾਲੇ ਦੀ ਪ੍ਰਾਪਤੀ ਵਿਚ ਮਿਲਾਵਟ ਮਿਲ ਜਾਵਗੀ। ਮਹਾਤਮਾਂ ਸਿਖਾਂ (ਗੁਰਮੁਖਾਂ) ਨੂੰ ਮਿਲਨਾਂ ਸਤ ਸੰਗ ਕਰਨਾਂ ਹੀ ਅਤਯੰਤ ਜਰੂਰੀ ਹੈ ਇਸ ਲਈ ਕਿ ਉਨ੍ਹਾਂ ਦੇ ਨਮੂਨੇ ਨੂੰ ਦੇਖ ਕੇ ਰੀਸ ਆਵੇ ਉਨ੍ਹਾਂ ਤੋਂ ਸਨਮੁਖ ਹੋਵਨ ਦੀਆਂ ਸਿਖਯਾ ਲਈਆਂ ਜਾਵਨ, ਪਰੰਤੂ ਓਹਨਾਂ ਤੋਂ ਉਜਾਲਾ ਪਰਾਪਤਿ ਕਰਨ ਦੀ ਆਸ ਯੋਗ ਨਹੀਂ! ਕਿਉਂਕਿ ਉਹ ਤਾਂ ਆਪ ਪਰਕਾਸ਼ੀ ਹੈਨ। ਉਜਾਲਾ, ਗਜਾਨ, ਗੁਣ, ਚਾਂਨਣ ਕੇਵਲ ਉਸ ਮਹਾਨ ਸੂਰਜ ਤੋਂ ਆਇਆ ਹੋਇਆ

ਪਰਕਾਸ਼ ਹੀ ਹੈ।ਹਨੇਰੇ ਵਿਚੋਂ ਨਿਕਲਦਿਆਂ ਜਗਿਆਸੂਆਂ ਨੂੰ ਜਦ ਮਿਲਾਵਟ ਭਰਿਆ ਚਾਂਨਣਾ ਨਸੀਬ ਹੁੰਦਾ ਹੈ ਤਦ ਉਹ ਆਪਣੀ ਪਿਛਲੀ ਦਸ਼ਾ ਨਾਲ ਮੁਕਾਬਲਾ ਕਰਕੇ ਸੰਤੁਸ਼ਟ ਹੋ ਰਹਿੰਦੇ ਹਨ। ਪਰ ਅਸਲ ਵਿਚ ਓਹਨਾ ਨੂੰ 'ਕਬੀਰ ਸਮੁੰਦ ਨ ਛੋਡੀਐ ਜਉ ਅਤਿ ਖਾਰੋ ਹੋਇ। ਪੋਖਰ ਪੋਖਰ ਢੂਢਤੇ ਭਲੋ ਨ ਕਹਹੈ ਕੋਇ'' ਭਾਵੇਂ ਕਿਤਨਾ ਭੀ ਔਖਾ ਕੰਮ ਹੋਵੇ ਪੂਰਨ ਸਚੇ ਪ੍ਰਕਾਸ਼ ਦੀ ਸੁਤੰਤ੍ਰ ਸ਼ਰਨ ਲੈਣੀ ਚਾਹੀਦੀ ਹੈ।

(੫) ਸਚੇ ਪ੍ਰਕਾਸ਼ (ਗੁਰੂ ਗਯਾਨ) ਦੇ ਸਾਹਮਣੇ ਇਸ ਦੁਨਯਾਵੀ ਪ੍ਰਕਾਸ਼ ਦੀ ਤੇਜ਼ੀ ਕੁਝ ਭੀ ਸ਼ੈ ਨਹੀਂ! ਐਥੇ ਬੈਠਿਆਂ ਸੂਰਜ ਦਾ ਗਯਾਨ ਅਨੁਭਵ ਹੋਦਿਆਂ ਪ੍ਰਕਿਟ ਭੀ ਨਹੀਂ ਲੱਗਦਾ, ਇਹ ਤਾਂ ਬਾਹਰਲੀ ਗੱਲ ਇੱਕ ਪਾਸੇ ਰਹੀ 'ਸਚਾ ਪ੍ਰਕਾਸ਼' ਸਾਰੇ ਸੰਸਾਰ ਤਿੰਨਾਂ ਕਾਲਾਂ ਵਿੱਚ ਪਸਰਦਾ ਫੁਰਦਾ ਮਾਤਰ ਭੀ ਨਹੀਂ, ਏਦੂੰ ਭੀ ਵਧਕੇ ਸਮੇਂ ਦੀ ਹਦੋਂ ਪਰੇ ਲੰਘਦਿਆਂ ਭੀ ਇਸ ਨੂੰ ਇਕ ਛਿਨ ਤੋਂ ਵਧੀਕ ਨਹੀਂ ਲੱਗਦਾ 'ਏਕ ਚਿਤ ਜਿਹ ਇਕ ਛਿਨ ਧਿਆਇਓ ਕਾਲ ਫਾਸ ਕੇ ਬੀਚ ਨ ਆਇਓ'।

(੬) ਪਵਿੱਤ੍ਰ ਤੇ ਸੁਧ ਹਿਰਦਿਆਂ ਵਿਚ ਝਲਕ ਮਾਰਦਾ ਹੋਯਾ ਇਹ (ਗੁਰ ਪ੍ਰਕਾਸ਼) ਚੋਰ, ਠੱਗ ਬਦਨਾਮੀ, ਘੋਰ ਪਾਪੀਆਂ, ਨੀਚਾਂ, ਅਤੇ ਬੇਮੁਖਾਂ ਨੂੰ ਭੀ ਆਪਣਾ ਆਪ ਜਾ ਦਿਖਾਉਂਦਾ ਤੇ ਆਪਣੇ ਸਨਮੁਖ ਕਰ ਲੈਂਦਾ ਹੈ। 'ਆਪ ਤਰੇ ਕੁਲ ਸਗਲੇ ਤਾਰੇ ਗੁਰਮੁਖ ਜਨਮ ਸਵਾਰਿਆ'। 'ਗੁਰਮੁਖ ਸਚੁ ਕਮਾਵੈ ਕਰਣੀ ਸਚ ਹੀ ਸਚ ਕਹੈ ਦਿਨ ਰਾਤੀ ਅਵਰਾ ਸਚੁ ਕਹਾਇਦਾ' 'ਜਿਨ

ਪ੍ਰਭੁ ਜਾਤਾ ਸੁ ਸੋਭਾਵੰਤੁ। ਸਗਲ ਸੰਸਾਰ ਉਧਰੈ ਤਿਨ ਮੰਤ'। ਖੋਜ ਦੀ ਚਾਹ ਹੈ ਤਦ 'ਗੁਰ ਸਿਖ ਵਾੜੀ' 'ਭਾਈ ਮਹਿੰਗਾ' ਤਥਾ ਗੁਰੂ ਘਰ ਦੇ ਇਤਹਾਸ ਪ੍ਰੇਮ ਸਹਤ ਪੜ੍ਹੋ।

(੭) ਸਚੇ ਪ੍ਰਕਾਸ਼ ਤੋਂ ਪ੍ਰਕਾਸ਼ਤ ਹੋਣ (ਗੁਰੂ ਨੂੰ ਮਿਲਨ) ਵਾਸਤੇ ਸ੍ਵੱਛ ਪ੍ਰਕਾਸ਼ਤ ਹੋਇਆਂ ੨ (ਮਿਲੇ ਹੋਇਆਂ ਗੁਰਮੁਖਾਂ) ਨੂੰ ਮਿਲਨ ਤੇ ਸਾਧਾਰਨ ਪ੍ਰਾਣੀ (ਜੋ ਸਿੱਧੇ ਨਹੀਂ ਮਿਲ ਸਕਦੇ, ਓਹ) ਭੀ ਸਹਜ ਹੀ ਪ੍ਰਕਾਸ਼ਤ ਹੋ ਸਕਦੇ (ਗੁਰੂ ਨੂੰ ਮਿਲ ਸਕਦੇ) ਹਨ, 'ਗੁਰ ਸਿੱਖਾਂ ਅੰਦਰ ਸਤਿ ਗੁਰੁ ਵਰਤੈ'। ਜਿਸ ਤਰਾਂ ਕਿ ਸਮੁੰਦਰ ਨਾਲ ਮਿਲਿਆਂ ਨਦੀਆਂ ਦੇ ਸੰਜੋਗ ਕਰਕੇ ਨਾਲੇ ਨਾਲੀਆਂ ਸਭ ਸਮੁੰਦਰ ਨਾਲ ਅਭੇਦ ਹੋ ਸਕਦੇ ਹਨ। ਤੈਸੇ ਹੀ ਸਤਿਗੁਰਾਂ ਨਾਲ ਮਿਲੇ ਹੋਏ ਗੁਰਮੁਖ ਸਿੱਖਾਂ ਨਾਲ ਮਿਲਨ ਤੇ ਸਾਧਾਰਨ ਪੁਰਸ਼ ਭੀ ਸਤਿਗੁਰਾਂ ਨਾਲ ਅਭੇਦ ਹੋ ਸਕਦੇ ਹਨ! ਤਥਾ ਫੋਕੀ ਵਿੱਦਯਾ ਤੇ ਸੱਖ-ਣਿਆਂ ਹਿਰਦਿਆਂ ਵਿੱਚ ਦੀ ਪੈ ਕੇ ਗਯਾਨ ਦੇ ਗਲ ਵੱਸੀ ਪੈ ਜਾਂਦੀ ਹੈ ਤੇ ਇਹ ਟੇਢੀ ਚਾਲ ਵਾਲਾ ਹੋ ਜਾਂਦਾ ਹੈ ਪ੍ਰੰਤੂ ਫੇਰ ਜਦ ਪ੍ਰੇਮ ਰੂਪ ਜਲ ਦੀ ਸੰਗਤ ਹੋਵੇ ਤਦ ਲਹਰੇ ਦਿਸਦੇ ਹਨ ਤੇ ਇਨ੍ਹਾਂ ਦੋਹਾਂ ਦੇ ਮਿਲਵੇਂ ਬਲ ਨਾਲ ਪੱਥਰ ਪਸੀਜਦੇ ਹਨ, ਤੇ ਕੋਰੜੂ ਗਲਦੇ ਹਨ। ਪੜ੍ਹੋ ਪ੍ਰਸੰਗ ਭਾਈ ਪੰਨਾ, ਗੁਲਾਬੇ, ਹਾਇ ਨ ਤੋੜ! ਪਿਆਰੇ ਦੀ ਵਰ੍ਹੇ ਗੰਢ, ਆਦਿਕ॥

(੮) ਨਿੱਤਨੇਮ ਆਦਿ ਦਾ ਪੂਰਨ ਤਥਾ ਅਪੂਰਨ ਨਿਰਬਾਹ ਹੋਵਨ ਤੇ ਉਸ ਸੱਚੇ ਪ੍ਰਕਾਸ਼ ਦਾ ਲਾਭ ਵੀ ਵੱਧ ਘੱਟ ਹੋ ਜਾਂਦਾ ਹੈ, ਇਸੇ ਤਰਾਂ ਗੁਰਬਾਣੀ, ਗੁਰਮਤ, ਤਥਾ ਸਤਿਸੰਗ ਹੋਵਨ ਤੇ ਪ੍ਰਕਾਸ਼ ਦੀ ਝਲਕ (ਸਤਿ-

ਗੁਰਾਂ ਦੀ ਜੋਤ) ਸਦਾ ਹੀ ਸਮੀਪ (ਯਾਦ) ਰਹਿੰਦੀ ਹੈ, ਅਰ ਉਸ ਤੋਂ ਪੂਰਨ ਲਾਭ ਪ੍ਰਾਪਤਿ ਹੁੰਦਾ ਹੈ, ਇਸੇ ਪ੍ਰਕਾਰ ਹ੍ਰਿਦਯ ਦੀ ਸ੍ਵਛਤਾ ਤੇ ਭੂਤ ਭਵਿਖਤ ਵਰਤਮਾਨ ਦਾ ਗਿਆਨ ਸਹਜ ਹੀ ਹੋ ਸਕਦਾ ਹੈ "ਸਤਿਗੁਰ ਮਿਲੈ ਤਾਂ ਆਖੀ ਸੂਝੈ" "ਵਿਣੁ ਸਤਿਗੁਰ ਗੁਣ ਨ ਜਾਪਨੀ ਜਿਚਰ ਸਬਦਿ ਨ ਕਰੇ ਵੀਚਾਰੁ" ਤਥਾ ਸਤਿਸੰਗ ਵਿੱਚ ਉਜਾਲੇ ਦੀਆਂ ਕਿਰਨਾਂ ਜੁਤਰਫਿਓਂ ਪੈ ਕੇ ਬਿੰਦੂ (ਫੋਕਸ) ਤੇ ਇਕੱਠੀਆਂ ਹੋ ਜਾਂਦੀਆਂ ਹਨ, ਅਰ ਇਹ ਇਕ ਅਚਿੰਤ ਸ਼ਕਤੀ ਵਾਲਾ ਹੋ ਜਾਂਦਾ ਹੈ, ਕਈ ਤਿਹਾਏ, ਤ੍ਰਿਪਤ, ਕਈ ਭੁਖੇ ਰੱਜਦੇ, ਕਈ ਵਿਰਵੇ ਭਰਦੇ, ਤੇ ਸ਼ੁਕਰ ਦੇ ਗੀਤ ਗਾਉਂਦੇ ਹਨ। ਇਸੇ ਲਈ ਸੰਗਤ ਇਕੀਹ ਵਿਸਵੇ ਤੇ ਗੁਰੂ ੨੦ ਵਿਸਵੇ ਕਹੀਦਾ ਹੈ। ਇਸ ਵਿੱਚ ਅਤਯੰਤ ਦੂਰ ਦੀਆਂ ਚੀਜਾਂ ਨੇੜੇ ਹਸਤਾਮਲ ਵਤ ਤੇ ਅਤਯੰਤ ਸੂਖਮ ਚੀਜਾਂ ਮੋਟੀਆਂ ਹੋ ਲਭਦੀਆਂ ਹਨ! "ਸਚੀ ਸੰਗਤ ਸਹਿ ਮਿਲੇ ਸਚੈ ਨਾਇ ਪਿਆਰੁ"॥

ਇਹ ਸੱਚੇ ਪ੍ਰਕਾਸ਼ ਦੇ ਨਾਮ ਮਾਤ੍ਰ ਸੰਛੇਪ ਧਰਮ ਹਨ! ਹੁਣ ਆਓ! ਇਕ ਵਿਚਾਰ ਕਰੀਏ:—ਸਤਿਗੁਰੂ ਜੀ ਲਿਖਦੇ ਹਨ:—"ਚਿਤਹਿ ਚਿਤ ਸਮਾਇ ਤਾਂ ਹੋਵਹਿ ਰਸ ਘਨਾ" ਆਓ ਅਸੀ ਭੀ ਉਸ "ਸੱਚੇ ਪ੍ਰਕਾਸ਼" ਤੋਂ ਪ੍ਰਕਾਸ਼ਤ ਹੋਵੀਏ! ਸਗੁਣ ਮਈ ਸੱਚੇ ਪਿਤਾ ਦੇ ਚਿੱਤ ਵਿਚ ਆਪਣਾ ਚਿੱਤ ਸਮਾ ਦੇਈਏ! ਉਸ ਹਿਰਦੇ ਨਾਲ ਆਪਣਾ ਹਿਰਦਾ ਮੇਲੀਏ!

ਆਓ ਮਿਤ੍ਰੋ! ਇਸ ਚਾਨਣੇਂ ਵਿਚ ਆਓ! ਆਓ ਅੱਜ ਉਸ "ਸੱਚੇ ਪ੍ਰਕਾਸ਼" ਦੇ ਚਸਮੇਂ ਸਾਮੇਂ ਵਿਚ

ਪ੍ਰਕਾਸ਼ਤ ਹੋਣ ਦੀ ਯਾਦ ਦਾ ਦਿਨ ਹੈ ! ਆਓ ਅੱਜ ਹੰਭਲਾ ਮਾਰ ਕੇ ਏਸ ਪ੍ਰਕਾਸ਼ ਵਿਚ ਆਵੀਏ ! ਅੱਜ ਦੇ ਦਿਨ ਦ੍ਵੈਸ਼ ਦੀ ਥਾਂ ਮੈਤ੍ਰੀ, ਸ੍ਵਾਰਥ ਦੀ ਥਾਂ ਪ੍ਰੇਪਕਾਰ ! ਜ਼ਾਤੀ ਵੈਰ ਦੀ ਥਾਂ ਭਰਾਤ੍ਰੀ ਭਾਵ ! ਪਾਟੋ ਧਾੜ ਦੀ ਥਾਂ ਮਿਲਾਪ ! ਟਕੇ ਪ੍ਰਾਪਤੀ ਦੀ ਥਾਂ ਸੇਵਾ ! ਹਠ ਧਰਮੀ ਦੀ ਥਾਂ ਵਿਚਾਰ ! ਧੜ੍ਹੇ ਬੰਦੀ ਦੀ ਥਾਂ ਜੱਥੇ ਬੰਦੀ ! ਅਰ ਹੁੱਜਤਾ ਦੀ ਥਾਂ ਹਮਦਰਦੀ ! ਧਾਰਨ ਕਰਦੇ ਹੋਏ **ਉਸ ਪਿਤਾ ਦੇ ਯੋਗ ਸਪੁਤ੍ਰ ਬਣੀਏਂ** ! ਨਹੀਂ ਤੇ:- "ਬਹੁਰ ਨ ਆਵੈ ਵਾਰੀ"। "ਮਤ ਕਿ ਜਾਪੈ ਸਾਹੁ ਆਵੈ ਕਿ ਨਾ ਆਵੈ ਰਾਮੁ" ॥

## ਗੁਰਪੁਰਬ ਦਿਨ ਦੀ ਬੇਨਤੀ !

[ਕਲਗੀ ਧਰ ਪਿਤਾ ਜੀ ਦੇ ਪਵਿੱਤ੍ਰ ਚਰਨਾਂ ਵਿਖੇ]

ਤਾਰ ਲੈ ਆ ਤਾਰ ਸ੍ਵਾਮੀ ਤਾਰ ਕਲਗੀ ਵਾਲਿਆ।
ਖਾ ਰਹੇ ਗੋਤੇ ਡੁੱਬਦੇ ਹਾਂ ਤਾਰ ਬਾਜਾਂ ਵਾਲਿਆ।
ਤੁਧ ਬਿਨਾਂ ਨਾਂ ਸ਼ਰਨ ਕੋਈ ਓਟ ਨਾਂ ਦਿਸ ਆਂਵਦੀ।
ਆਸਰਾ ਨਾਂ ਹੋਰ ਕੋਈ ਥਾਂ ਨਜ਼ਰ ਨਾਂ ਆਂਵਦੀ। ੧ ॥
ਨਿਮਾਣਿਆਂ ਦੇ ਮਾਣ ਸ੍ਵਾਮੀ ਤਾਣ ਦੇ ਨਿਤਾਣਿਆਂ।
ਨਿਓਟਿਆਂ ਦੀ ਓਟ ਸਤਿਗੁਰ ਧਿਰ ਹਓ ਪਛਾਣਿਆਂ।
ਮਰ ਮੁੱਕ ਚੁਕੇ ਹੁਣ ਜੁਕੇ ਮ੍ਰਿਤ ਜੀਵਤ ਹੋ ਗਏ।
ਹਾਸੁ ਹੀਣੇ ਅਤੀ ਕੀਣੇ ਸਭ ਥਾਈਂ ਹੋ ਗਏ ॥ ੨ ॥
ਹਾਂ ਦੁਖੀ ਅਤਿ ਸੈ ਦੁਖਾਂ ਕੀਤੇ ਸੁਖ ਮੂਲੋਂ ਜਾ ਰਹੇ।
ਲੈ ਬਖਸ਼ ਸ੍ਵਾਮੀ ਬਖਸ਼ ਸਤਿਗੁਰ ਸ਼ਰਣ ਤੇਰੀ ਆ ਰਹੇ।
ਪਾਲ ਸਤਿਗੁਰ ਮਾਲਕਾ ਸੰਭਾਲ ਲੈ ਸੰਭਾਲ ਲੈ।
ਭੁਲਿਆਂ ਤੇ ਭਟਕਜਾਂ ਨੂੰ ਰੱਖ ਲੈ ਸੰਭਾਲ ਲੈ ॥ ੩ ॥

ਉੱਤਰ ਸਤਿਗੁਰ ਜੀ ਵਲੋਂ

ਮੈਂ ਪਰਚਾਰਿਓ ਦੁਲਾਰਿਓ ਨਾਂ ਲਾਜ ਤੁਧ ਨੂੰ ਆਂਵਦੀ।
ਕੀ ਮੁਖ ਲੈ ਕੇ ਕਰੋਂ ਉੱਦਮ ਕਿਵੇਂ ਬਿਨਤੀ ਭਾਂਵਦੀ।
ਮੈਂ ਤੁਸਾਂ ਖਾਤਰ ਕੀਹ ਕੀਤਾ! ਯਾਦ ਲਓ ਪਰਚਾਰਿਓ।
ਸੁਖਾਪਣੇ ਸਭ ਦੂਰ ਕੀਤੇ ਤੁਸਾਂ ਹਿਤ ਦੁਲਾਰਿਓ ॥੪॥
ਪਿਤਾ ਵਾਰੇ ਤੁਧ ਖਾਤਰ ਚਾਰ ਹੀਰੇ ਵਾਰ ਕੇ।
ਦੁਖ ਪਰਬਤ ਕਸ਼ਟ ਚਾਏ ਤੁਸਾਂ ਪੁਤ੍ਰ ਸਾਰਕੇ।
ਸੰਸਾਰ ਕੇਰੇ ਦੁਖ ਭਾਰੇ ਕੌਂਨ ਨੇ ਵਿਚਾਰਿਓ।
ਜੋ ਤੁਸਾਂ ਖ਼ਾਤਰ ਸਹੇ ਨਾਂ ਮੈਂ ਜ਼ਰਾ ਕੰਘੀ ਮਾਰਿਓ ॥੫॥
ਦੀਨ ਦੁਨੀਆਂ ਕਾਜ ਬਿਗੜੇ ਕਿਸ ਤਰਾਂ ਸੀ ਭਾਂਵਦੇ।
ਕੌਣ ਪਥਰ ਤਿਨ੍ਹਾਂ ਸੁਣਕੇ ਮੋਮ ਨਾਂ ਹੋਇ ਜਾਂਵਦੇ।
ਦਸ਼ਾ ਤੁਧ ਭੈਆਨ ਪਿਖਕੇ ਤਿਸੇ ਦੇ ਸੁਧਾਰ ਨੂੰ।
ਸਿੰਜਣੇ ਨੂੰ ਤੁਸਾਂ ਤਾਈਂ ਕਿਸ ਬਹਾਯਾ ਧਾਰ ਨੂੰ ॥੬॥
ਗਿੱਦੜਾਂ ਤੋਂ ਸ਼ੇਰ ਕੀਤੇ ਤੇ ਬਹਾਦਰ ਕਾਇਰਾਂ।
ਸਤ ਤੇ ਸੰਤੋਖ ਦਿੱਤਾ ਜਤੀ ਭਰਾਤਰ ਭਾਇਰਾਂ।
ਮੈਤ੍ਰੀ ਉਪਕਾਰ ਹੋਰਾਂ ਮੇਲ ਸੇਵਾ ਦਿੱਤੀਆਂ।
ਅਕਾਲ ਦਾ ਪਿਆਰ ਤੇ ਵਿਚਾਰ ਬਾਣੀ ਕਿਤੀਆਂ ॥੭॥
ਅਮਰ ਕੀਤੇ ਸੁਧਾ ਦੇਕੇ ਬਰਕਤਾਂ ਭੀ ਸਾਰੀਆਂ।
ਰਾਜ ਯੋਗੀ ਤੁਸਾਂ ਕੀਤਾ ਰੈਹਤਾਂ ਦੇ ਭਾਰੀਆਂ।
ਵਰਨ ਚਾਰੇ ਇੱਕ ਕੀਤੇ ਗੋਦ ਲੀਤਾ ਤੁਧ ਨੂੰ।
ਤਨ ਮਨ ਸਰਬੰਸ ਸਾਰਾ ਭੇਟ ਕੀਤਾ ਤੁਧ ਨੂੰ ॥੮॥
ਦਸ਼ਾ ਪਲਟੀ ਤੁਧ ਕੇਹੀ!!! ਹੋ ਕਪੁਤ੍ਰ ਗਏ ਹੋ।
ਨਾਂ ਦੇਖ ਸਕਾਂ ਦਸ਼ਾ ਤੇਰੀ ਅਨਮਤਾਂ ਹਿਰ ਲਏ ਹੋ !!!
ਫੁਟ! ਨੇ ਫੜ ਫੱਟ ਦਿੱਤਾ! ਕੱਟ ਦਿੱਤਾ! ਤੁਸਾਂ ਨੂੰ।
ਪਰ ਲਗੇ ਮਿੱਠੀ ਅਜੇ ਤਾਈਂ ਫੁਟ ਪਿਆਰੀ ਤੁਸਾਂ ਨੂੰ।

ਧਰਮ ਬੇਧੀ ਦ੍ਵੈਸ਼ ਸ੍ਵਾਰਥ ਧਾੜ ਪਾਟੋ ਵਾਰਿਆ।
ਹੁੱਜਤਾਂ ਤੇ ਵੈਰ ਜਾਤੀ ਹੱਠ ਨੂੰ ਲੈ ਧਾਰਿਆ।
ਹੋ ਕਲੰਕਤ ਗਏ ਮੂਲੋਂ ! ਬਰਕਤਾਂ ਭੁੱਲ ਗਏ ਹੋ।
ਸੁਗੁਣਾਂ ਨੂੰ ਵਿਸਾਰ ਮੂਲੋਂ ਅਵਗੁਣਾਂ ਘੁੱਲ ਗਏ ਹੋ ॥੧੦॥
ਭਟਕਨਾਂ ਲਓ ਦੇਖ ਅਪਣੀ ਕਰਤਬਾਂ ਨੂੰ ਦੇਖ ਲਓ।
ਇਕਰਾਰ ਮੈਂਡੇ ਚਿਤਵ ਕੇ ਹੁਣ ਧਾਰਨਾਂ ਨੂੰ ਪੇਖ ਲਓ।
ਕਹੁ ਕਿਵੇਂ ਪੁੱਤ੍ਰ ਰਹੇ ਮੇਰੇ ? ਕਿਵ ਸਪੁਤ੍ਰ ਮੈਂ ਕਹਾਂ ?
ਕਿਸ ਹੇਤੁ ਸਾਥੀ ਤੁਧ ਹੋਵਾਂ ਪਿਤਾ ਬਣਕੇ ਕਿਵ ਰਹਾਂ ?

ਦਾਸਾਂ ਦੀ ਬੇਨਤੀ !

ਰਖਜਕ ਹੈਂ ਤੁਹੀਂ ਸ੍ਵਾਮੀ ਟੇਕ ਤੇਰੀ ਧਾਰੀਆਂ।
ਕਰਨੀਆਂ ਤੇ ਨਹਿ ਭਰੋਸਾ ਬਿਰਦ ਤੇਰੇ ਵਾਰੀਆਂ।
ਗਏ ਹੋ ਕ੍ਰਿਤਘਨ ਕੀੜੇ ਤੇ ਨਿਕਦਰੇ ਹੋ ਗਏ।
ਖਾਮੀ ਤੇ ਹਰਾਮੀ ਲੂਣ ਰਹਤ ਬਹੁਤੋਂ ਮੋ ਗਏ ॥ ੧੨ ॥
ਗੁਣ ਤੇ ਉਪਕਾਰ ਸਾਰੇ ਵਿਸਰ ਦਿੱਤੇ ਅਸਾਂ ਨੇ।
ਕਹਣ ਬਹਣੀ ਅਤੇ ਰਹਣੀ ਛੋੜ ਦਿੱਤੀ ਕਸਾਂ ਨੇ।
ਨਾਉਂ ਦੇ ਧਰੀਕ ਰਹ ਗਏ ਹੋਇ ਖਾਲੀ ਕਰਨੀਆਂ।
ਨਾਂ ਆਸ ਕੋਈ ਬਖਸ਼ ਤੁਧ ਬਿਨ ਪਏ ਤੇਰੇ ਚਰਨੀਆਂ।
ਪਾਪੀਆਂ ਸੰਤਾਪੀਆਂ ਤੇ ਨੀਚ ਨੀਚਾਂ ਤਾਰਿਆ।
ਬਿਰਦ ਤੇਰਾ ਏਹੁ ਸੁਆਮੀ ਡੁਬਦਿਆਂ ਨੂੰ ਤਾਰਿਆ।
ਪਾਪ ਖੰਡਣ ਬਿਰਦ ਤੇਰਾ ਅਵਗੁਣਾਂ ਵਿਸਾਰਦਾ।
ਲੇਖ ਤੇ ਨਾਂ ਕਰਮ ਉੱਥੇ ਬਿਰਦ ਅਗੇ ਸਾਰਦਾ ॥ ੧੪॥
ਬਖਸ਼ ਲਏਂ ਤਾਂ ਬਖਸ਼ ਜਾਈਏ ਬਿਨਾਂ ਕਰਮਾਂ ਦੇਖਿਆਂ।
ਲੇਖਿਆਂ ਨਾਂ ਪਾਰ ਕਦ ਹੀ ਲਖ ਚੁਰਾਸੀ ਵੇਖਿਆਂ।
ਨੀਚ ਤੇ ਕ੍ਰਿਤਘਨ ਭਾਰੇ ਹੋ ਸੰਤਾਪੀ ਗਏ ਹਾਂ।
ਹਾਂ ਨਾਮ ਸੰਦੇ ਤੁਧ ਕੇਰੇ ਤੁਧ ਸ਼ਰਨੀ ਪਏ ਹਾਂ ॥ ੧੫॥

ਲਾਜ ਅਪਨੇ ਨਾਮ ਦੀ ਨਿਬਾਹੁ ਬਾਣਾਂ ਬਿਰਦ ਦਾ।
ਬਖਸ਼ ਸਤਿਗੁਰ ਬਖਸ਼ ਲੈ ਸਿੰਘਾਂ ਬਾਣਾਂ ਬਿਰਦ ਦਾ।
ਲਾਡਲੇ ਸਾਂ ਪਲੇ ਸ੍ਵਾਮੀ ਪੰਥ ਕੇਰੇ ਵਾਲੀਆ।
ਤਿਰਾ ਹੀ ਬਾਗੀਚ ਲਾਇਆ ਪਾਲ ਆਪੇ ਮਾਲੀਆ॥੧੬॥
ਕੁਰਸਤਿਆਂ ਵਿਚ ਭਟਕਦੇ ਲੈ ਸਾਰ ਕਲਗੀ ਵਾਲਿਆ।
ਕੱਢ ਦੇ ਕੁਮੱਤ ਸਾਰੀ ਫੁਟ ਬਾਜਾਂ ਵਾਲਿਆ।
ਚਿੜੀਆਂ ਤੋਂ ਬਾਜ ਕੀਤੇ ਗਿੱਦੜਾਂ ਤੋਂ ਸ਼ੇਰ ਸੀ।
ਊਚ ਕੀਤੇ ਨੀਚ ਹੂੰ ਤੇ ਕਾਇਰੋਂ ਦਲੇਰ ਸੀ ॥ ੧੭ ॥
ਤਿਵੇਂ ਹੀ ਹੁਣ ਬਖਸ਼ ਲੇਵੋ ਸ਼ਰਨ ਪਾਲਕ ਸਤਿਗੁਰੋ।
ਰੱਖ ਲੇਵਹੁ ! ਬਖਸ਼ ਲੇਵਹੁ ! ਪੰਥ ਮਾਲਕ ਸਤਿਗੁਰੋ।
ਮਿਹਰ ਕਾਰਨ ! ਦਯਾ ਕਾਰਨ ! ਔਗੁਣਾਂ ਨਾਂ ਦੇਖਜੋ।
ਬਖਸ਼ ਬਖਸ਼ਨਹਾਰ ਸਤਿਗੁਰ ਬਿਰਦ ਅਪਨਾ ਪੇਖਜੋ।੧੯

ਉਤਰ ਗੁਰੂ ਸਾਹਿਬ ਜੀ !

ਜੇ ਚਹੋ ਬਖਸ਼ਸ਼ ਮੁੱਢ ਕੇਰੀ ਏਹੋ ਪਹਲੇ ਗੁਣਾਂ ਨੂੰ।
ਸਪੁਤ੍ਰਾਂ ਦੇ ਲੱਛ ਧਾਰੋ ਮਾਰ ਸਭ ਅਵਗੁਣਾਂ ਨੂੰ।
ਕੁੱਟ ਕਰਕੇ ਫੁੱਟ ਤਾਈਂ ਚੂਰ ਕਰ ਨਿਕਾਲ ਦੋ।
ਹੱਠ ਤੇ ਸ੍ਵਾਰਥਾਂ ਨੂੰ ਖੂਹ ਖਾਰੇ ਡਾਲ ਦੋ ॥ ੧੯ ॥
ਬਣਕੇ ਭਰਾਤ ਸਾਰੇ ਛੰਡ ਦੇਵੋ ਤਾਤ ਨੂੰ।
ਰਹਤਾਂ ਨੂੰ ਰੱਖ ਲੇਵਹੁ ਵਾਹਿਗੁਰੂ ਦੀ ਦਾਤ ਨੂੰ।
ਬਣੋਂ ਮੇਰੇ ਮੈਂ ਤੁਹਾਡਾ ਖਲਾ ਹਾਂ ਗਲ ਲਾਣ ਨੂੰ।
ਸਮਾਇ ਜਾਵਹੁ ਜੋਤ ਮਾਂਹੀ ਛੱਡੋ ਝੂਠੇ ਤਾਣ ਨੂੰ ॥੨੦॥

ਲੇਖਕ ਦੀ ਬੇਨਤੀ !

ਆਓ ਪਜਾਰੇ ਖਾਲਸਾ ਜੀ ਸ਼ਰਨ ਸਤਿਗੁਰ ਧਾਰੀਏ।
ਜੋਤ ਦੇ ਪ੍ਰਕਾਸ਼ ਤਾਈਂ ਰਿਦੇ ਸੱਚੀ ਧਾਰੀਏ।
ਮਿਲਨ ਦਾ ਹੈ ਦਿਵਸ ਸੁੰਦਰ ਗੁਰੂ ਦੇ ਪ੍ਰਕਾਸ਼ ਦਾ।

ਉਸ ਪਿਤਾ ਸੱਚੇ ਸਤਿਗੁਰੂ ਪ੍ਰਕਾਸ਼ ਦੇ ਪ੍ਰਕਾਸ਼ਦਾ॥੨੧॥
ਹੁਣ ਭਟਕਣਾਂ ਬਹੁ ਭਟਕ ਚੁਕੇ ਫੁੱਟ ਚੁਕੇ ਫੁੱਟ ਤੋਂ।
ਸੁਆਰਥਾਂ ਨੇ ਚੂਰ ਕੀਤਾ ਦੁੱਖ ਪਾਏ ਟੁੱਟ ਤੋਂ।
ਨਾਂ ਰਹੀ ਬਾਕੀ ਦੁਰਦਸ਼ਾ ਦੀ ਫੇਰ ਪਿਛੇ ਜਾ ਪਏ।
ਹੋ ਆਪ ਵੈਰੀ ਆਪ ਕੇਰੇ ਗੜ੍ਹੇ ਗਹਰੇ ਜਾ ਪਏ ॥੨੨।
ਜੇ ਉੱਕਕੇ ਹੁਣ ਚੁਕ ਰਹ ਗਏ ਮਿਲਨ ਬਾਝੋਂ ਸਤਿਗੁਰੂ।
ਨਾਂ ਸਮਾਂ ਏਹਾ ਫੇਰ ਮਿਲਸੀ ਸ਼ਰਨ ਕੇਰਾ ਸਤਿਗੁਰੂ।
ਡਕਡੋਲ ਹੋਏ ਆਸ਼੍ਰਮ ਭੀ ਗੁਰੂ ਦਵਾਰੇ ਪੂਜਨੇ।
ਕਰ ਰਹੇ ਅਨਮਤ ਕਈ ਕਾਰੇ ਅਸੀ ਹਾਂ ਬਿਨ ਬੂਝਣੇ।
ਵਾਸਤਾ ਉਸ ਪਿਆਰੜੇ ਦਾ! ਪਿਤਾ ਕਲਗੀ ਵਾਲੜੇ।
ਭਲੇ ਅਪਨੇ ਪੰਥ ਦੇ ਨੂੰ ਮਿਲੋ ਕਲਗੀ ਵਾਲੜੇ।
ਲੋਕ ਤੇ ਪਰਲੋਕ ਦੋਵੇਂ ਸੁਧਰ ਲੇਵੋ ਅਜੇ ਭੀ।
ਸ਼ਰਣ ਸਤਿਗੁਰ ਫੜੋ ਡੁਬਦੇ ਪਾਰ ਹੋਵਹੁ ਅਜੇਭੀ॥੨੪॥
ਖੜਾ ਹੈ ਗਲ ਲਾਵਣੇ ਨੂੰ ਬਖਸ਼ ਬਖਸ਼ਨ ਵਾਲੜਾ।
ਓਹ ਪਾਲਕ ਤੇ ਪੰਥ ਮਾਲਕ ਪਿਤਾ ਕਲਗੀ ਵਾਲੜਾ।
ਮਿਲਕੇ ਭਰਾਤਰਾਂ ਨੂੰ ਮਿਲੋ ਕਲਗੀ ਵਾਲੜੇ।
ਅਭੇਦ ਹੋ ਸਮਾਇ ਜਾਈਏ ਚਰਨਕਲਗੀਵਾਲੜੇ ॥੨੫।

## ਪ੍ਰਕਾਸ਼ ਅਤੇ ਹਨੇਰਾ !

ਪ੍ਰਕਾਸ਼ ਦਾ ਨਾਂ ਹੋਣਾ ਅੰਧਕਾਰ ਹੈ ! ਅੰਧਕਾਰ ਦਾ ਰੂਪ ਕੇਡਾ ਭਯਾਨਕ ਹੈ, ਏਸ ਤੋਂ ਬਹੁਤਾ ਚਿਤ ਭਯ ਵਾਨ ਹੁੰਦਾ ਹੈ ! ਅੰਧਕਾਰ (ਹਨੇਰੇ) ਵਿਚ ਚਿਤ ਘਬਰਾਉਂਦਾ ਅਰ ਪ੍ਰਕਾਸ਼ ਹੀ ਪ੍ਰਕਾਸ਼ ਦੀ ਚਾਹਨਾਂ ਹੁੰਦੀ ਹੈ !ਅੰ-ਧਕਾਰ ਵਿਚ ਸਭ ਕੰਮ ਧੰਧੇ ਵਿੱਸਰਕੇ ਮਨ ਡਾਵਾਂ ਡੋਲ

ਤੇ ਡਰਾਵਨੀ ਜੈਸੀ ਦਸ਼ਾ ਪ੍ਰਤੀਤ ਹੋਣ ਲੱਗ ਜਾਂਦੀ ਹੈ ਤੇ ਆਪਣੇ ਬਗਾਨੇ ਕੱਚੇ ਖਿਆਲ ਅੱਡ ੨ ਸੂਰਤਾਂ ਵਿੱਚ ਦਖਾਈ ਦੇ ਕੇ ਸਗੋਂ ਉਦਾਸੀ ਦੇ ਚੱਕ੍ਰ ਵਿੱਚ ਪਾ ਦਿੰਦੇ ਹਨ। ਜੇ ਕਦੇ ਸਰਜ ਦੇ ਪ੍ਰਕਾਸ਼ ਨੂੰ ਅੰਧਕਾਰ ਫੈਲਾਨ ਵਾਲੀ ਹਨੇਰੀ ਢੱਕ ਲਵੇ ਤਾਂ ਉਸ ਵੇਲੇ ਓਹ ਹਨੇਰਾ ਕੇਡਾ ਭਜਾਨਕ ਪ੍ਰਤੀਤ ਹੁੰਦਾ ਹੈ, ਸਭ ਸੁਖ ਵਿਸਰ ਜਾਂਦੇ ਹਨ ਤੇ ਪ੍ਰਕਾਸ਼ ਦੀ ਚਾਹਨਾਂ ਵਾਸਤੇ ਹਿਰਦਾ ਤਰਲੇ ਲੈਂਦਾ ਹੈ! ਅਜੇਹੀ ਹਨੇਰੀ ਦੇ ਨਾਲ ਘੱਟਾ, ਮਿੱਟੀ, ਕੰਕਰ, ਘਾਹ, ਫੂਸ ਭੀ ਸੁਭਾਵਕ ਹੀ ਉੱਡਦਾ ਹੈ, ਜ਼ਰਾ ਅੱਖ ਭੀ ਖੋਹਲੋ ਤਾਂ ਘੱਟੇ ਮਿੱਟੀ ਨਾਲ ਭਰ ਜਾਂਦੀ ਹੈ ਉਸ ਵੇਲੇ ਦੇ ਦੁਖ ਕਲੇਸ਼ ਦੀ ਤਾਂ ਕੋਈ ਹੱਦ ਹੀ ਨਹੀਂ ਰਹਿੰਦੀ! ਹਨੇਰੇ ਦੇ ਕਾਰਨ ਰਸਤਾ ਪੇਹਲੇ ਹੀ ਭੁਲ ਤੇ ਵਿਸਰ ਜਾਂਦਾ ਹੈ, ਉਪਰੋਂ ਨੇਤ੍ਰ ਘੱਟੇ ਮਿੱਟੀ ਨਾਲ ਭਰ ਜਾਵਨ ਤਾਂ ਨੇਤ੍ਰ ਮਲਦੇ ਹੀ ਰੇਹ ਜਾਈਦਾ ਹੈ ਤੇ ਇਕ ਪਾਸੇ ਖੜੇ ਹੋਕੇ ਪਰਕਾਸ਼ (ਚਾਨਣ) ਦੀ ਤਾਂਘ ਲਗ ਜਾਂਦੀ ਹੈ ਹੋਰ ਕੁਝ ਭੀ ਨਹੀਂ ਸੁਝਦਾ! ਏਹੋ ਹੀ ਚਿਤ ਚਾਹੁੰਦਾ ਹੈ ਕਿ ਸੂਰਜ ਦਾ ਪਰਕਾਸ਼ ਏਸ ਘੱਟੇ ਮਿੱਟੀ ਦੇ ਗੁਬਾਰ ਤੋਂ ਸਾਫ ਹੋਵੇ, ਤੇ ਅਸੀ ਆਪਣੇ ਰਸਤੇ ਪਹੁੰਚੀਏ। ਜੇਕਰ ਏਹ ਦਸ਼ਾ ਕਿਸੇ ਭਜਾਨਕ ਜੰਗਲ ਵਿਚ ਹੋਵੇ ਤਦ ਸਾਡੀ ਹੋਰ ਭੀ ਅਸਚਰਜ ਦਸ਼ਾ ਹੁੰਦੀ ਹੈ, ਉਥੇ ਸਾਨੂੰ ਇਸ ਅੰਧੇਰੀ ਦੇ ਕਾਰਣ ਆਪਣੇ ਰਸਤੇ ਤੋਂ ਭੁੱਲਕੇ ਜਦੋਂ ਕਿਸੇ ਬ੍ਰਿਛ ਦੇ ਨਾਲ ਲਗਕੇ ਖੜੋਣਾ ਪੈਂਦਾ ਹੈ ਤਦ ਅੰਧੇਰੀ ਦੇ ਜ਼ੋਰ ਦਾ ਸ਼ਬਦ ਸ਼ਾਂ! ਸ਼ਾਂ!! ਦੀ ਅਵਾਜ਼ ਸਾਡੇ ਚਿੱਤਾਂ ਨੂੰ ਬੜਾ ਹੀ ਡਰਾਉਂਦੀ ਹੈ, ਅਨੇਕਾਂ ਬ੍ਰਿਛਾਂ ਦੇ ਡਿਗਣ ਦੀ ਦਸ਼ਾ ਦੇਖਕੇ ਮੌਤ ਸਾਹ-

ਮਣੋ ਖੜੀ ਦਿਖਾਈ ਦਿੰਦੀ ਹੈ, ਘਰ ਤੇ ਸੰਬੰਧੀ ਉਥੋਂ ਦੂਰ ਹਨ, ਉਨ੍ਹਾਂ ਦਾ ਧਿਆਨ ਆਉਂਦਾ ਹੈ, ਸਭ ਭੋਗਾਂ ਤੇ ਧੰਦਿਆਂ ਵਲੋਂ ਚਿੱਤ ਨਿਰਾਸ ਹੋ ਜਾਂਦਾ ਹੈ! ਆਹਾ! ਇਸ ਅਵਸਥਾ ਨੂੰ ਉਹੋ ਹੀ ਜੀਵਨ ਪੂਰੀ ਤਰਾਂ ਜਾਨ ਸਕਦੇ ਹਨ ਜਿਨ੍ਹਾਂ ਨੂੰ ਕਦੇ ਏਹ ਦਸ਼ਾ ਦੇਖਣ ਦਾ ਦੁਖ ਭੋਗਣਾ ਪਿਆ ਹੋਵੇ, ਅਰ ਇਸ ਦਸ਼ਾ ਤੋਂ ਛੁਟਕਾਰਾ ਪਾਵਨ ਵਾਸਤੇ ਪਰਕਾਸ਼ ਦੀ ਤਾਂਘ, ਅਰ ਪਰਕਾਸ਼ ਦੇ ਪ੍ਰਕਾਸ਼ਤ ਹੋਵਨ ਦੀ ਪ੍ਰਸੰਨਤਾ ਭੀ ਉਹੋ ਹੀ ਅਨੁਭਵ ਕਰ ਸਕਦੇ ਹਨ!

ਪਿਆਰੇ ਪਾਠਕ, ਪਾਠਕਾਓ ਵ ਸ੍ਰੋਤਾ ਸੱਜਣੋਂ! ਇਸ ਪਰਕਾਸ਼ ਨੂੰ ਛਪਾਵਨ ਵਾਲੀ ਹਨੇਰੀ ਦੇ ਹਨੇਰੇ ਨੂੰ ਆਪਨੇ ਜਗਤ ਵਿਚ ਦੇਖਦੇ ਹੋਏ ਕਦੇ ਆਪਣੇ ਜੀਵਨਾ ਤੇ ਭੀ ਵਿਚਾਰ ਕੀਤੀ ਹੈ ਕਿ ਨਹੀਂ? ਕੀ ਆਪ ਦੇ ਜੀਵਨ ਪਿਆਰੇ ਸੱਚੇ ਪਰਕਾਸ਼ ਤੋਂ ਮੁਖ ਫੇਰ ਕੇ ਭਯਾਨਕ ਅੰਧਕਾਰ ਦੀ ਵੱਲ ਤਾਂ ਨਹੀਂ ਜਾ ਰਹੇ? ਵਿਚਾਰਵਾਨ ਹ੍ਰਿਦਯ ਤਾਂ ਪੂਰੀ ਤਰਾਂ ਜਾਣਦੇ ਹਨ ਕਿ ਅਸੀ ਦਿਨੋਂ ਦਿਨ ਭਯਾਨਕ ਅੰਧੇਰੇ ਦੀ ਵੱਲ ਜਾ ਰਹੇ ਹਾਂ! ਜਿਥੇ ਅਸੀ ਇੱਕ ਅਸਥਿਰ ਹਨੇਰੇ ਤੋਂ ਡਰਦੇ ਹੋਏ ਘਬਰਾ ਜਾਂਦੇ ਤੇ ਪਰਕਾਸ਼ ਦੀ ਤਾਂਘ ਵਿਚ ਸਭ ਕੁਝ ਭੁਲ ਜਾਂਦੇ ਹਾਂ ਉੱਥੇ ਉਸ ਸੱਚੇ ਪਰਕਾਸ਼ ਵਲੋਂ ਅਸੀ ਮੂਲੋਂ ਹੀ ਵਿਮੁਖ ਪਏ ਹਾਂ! ਤੇ ਫੇਰ ਭੀ ਘੁਪ ਅੰਧੇਰੇ ਵਿਚ ਗਰਕ ਰਹੇ ਹਾਂ ਜਿਸਦੀ ਸਾਖ ਆਪ ਗੁਰੂ ਸਾਹਿਬ ਜੀ ਦਸਦੇ ਹਨ ਕਿ:—

"ਕਲਿ ਕਾਤੀ ਰਾਜੇ ਕਸਾਈ ਧਰਮ ਪੰਖ ਕਰ ਉਡਰਿਆ। ਕੂੜ ਅਮਾਵਸ ਸਚ ਚੰਦ੍ਰਮਾ ਦੀਸੈ ਨਾਹੀ ਕਹਿ ਚੜਿਆ॥"

"ਹਉ ਭਾਲ ਵਿਕੁੰਨੀ ਹੋਈ । ਅੰਧੇਰੈ ਰਾਹੁ ਨ ਕੋਈ।"

ਜਿਸ ਅੰਧੇਰੇ ਨੂੰ ਦੂਰ ਕਰਨ ਵਾਸਤੇ ਹਜ਼ਾਰਾਂ ਚੰਦ ਸੂਰਜ ਭੀ ਅਸਮਰੱਥ ਹਨ ! ਇਸੇ ਅੰਧੇਰੇ ਨਾਲ ਵਿਆਕੁਲ ਹੋਏ ਤੇ ਏਹ ਜਾਣਦੇ ਹੋਏ ਕਿ:-

"ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ।
ਏਤੇ ਚਾਨਣ ਹੋਦਿਆਂ ਗੁਰਬਿਨ ਘੋਰ ਅੰਧਾਰ।"

ਦੀ ਦਸ਼ਾ ਤੋਂ:-"ਜਗਤ ਜਲੰਦਾ ਰਖ ਲੈ ਅਪਨੀ ਕ੍ਰਿਪਾ ਧਾਰ।" ਆਦਿਕ:-
ਆਪਣੇ ਪਿਆਰਿਆਂ ਦੀ ਪੁਕਾਰ ਸੁਣੀ, ਉਹ ਸੱਚਾ ਪ੍ਰਕਾਸ਼! ਉਹ ਗੁਰ ਪ੍ਰਕਾਸ਼!

"ਤਿਸਦੈ ਚਾਨਣ ਸਭ ਮਹਿ ਚਾਨਣੁ ਹੋਇ"।
"ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਦ ਜਗ ਚਾਨਣ ਹੋਆ" ।

ਉਸ ਗੁਰ ਪਰਕਾਸ਼ ਨੇ ਸਰਬ ਜਗਤ ਨੂੰ ਪੂਰਣ ਪ੍ਰਕਾਸ਼ ਦਿਤਾ ਅਰ ਦਸ ਜਾਮੇਂ ਪਲਟ ਪਲਟ ਕੇ ਸਮੇਂ ੨ ਅਨੁਸਾਰ ਪੂਰਨ ਅਟੱਲ ਉਜਾਲਾ ਕਰਕੇ ਅੰਧੇਰੇ ਦਾ ਅਜੇਹਾ ਨਾਸ ਕੀਤਾ ਜੋ ਫਿਰ ਕਦੇ ਹੋਵੇ ਹੀ ਨਾਂ। ਗੁਰ ਉਪਦੇਸ਼ਾਂ ਰੂਪੀ ਪਰਮ ਪ੍ਰਕਾਸ਼ਕ ਰਸਮਾਂ ਨੂੰ ਅਮਰ ਤੇ ਅਟੱਲ ਰੂਪ ਵਿਚ ਪ੍ਰਗਟ ਕਰ ਦਿਤਾ, ਪਰ ਹਾਂ ਸਾਡੇ ਮੰਦ ਭਾਗਾਂ ਨੂੰ ਫੁਟ ਰੂਪੀ ਅੰਧੇਰੀ ਨਾਲ ਉਹ ਗੁਰ ਉਪਦੇਸ਼ ਰੂਪੀ ਪ੍ਰਕਾਸ਼ਤ ਰਸਮਾਂ ਢਕੀਂਦੀਆਂ ਜਾ ਰਹੀਆਂ ਹਨ, ਅਰ ਜਾਤੀ ਵੈਰ, ਸਵਾਰਥ, ਅਨਮਤੀ ਗੁਲਾਮੀ, ਅਵਿੱਦਜਾ ਰੂਪੀ ਧੂੜ ਕੰਕਰ ਨਾਲ ਵਿਆਕੁਲ ਹੋਏ ਹੋਏ ਅਸੀ ਗਿਰੀ ਹੋਈ ਦਸ਼ਾ ਰੂਪੀ ਜੰਗਲ ਬੀਆਬਾਨ ਵਿਚ ਅਪਣੇ ਰਸਤੇ

(ਭਰਾਤ੍ਰੀ ਭਾਵ, ਪਰੋਪਕਾਰ ! ਜਤ, ਸਤ, ਸੰਤੋਖ; ਸਿਦਕ, ਨੇਮ, ਧਾਰਨਾ, ਦਯਾ, ਖਿਮਾਂ, ਮਿਲ ਬੈਠਣ ਦੀਆਂ ਵਿਚਾਰਾਂ ਆਦਿ) ਤੋਂ ਭੁੱਲ ਗਏ ਹਾਂ ! ਇਸ ਦਸ਼ਾ ਵਿਚ ਜਦ ਅਸੀ ਕਿਸੇ ਜਥੇ ਜ਼ਾਂ ਆਸ਼ਰਮ ਰੂਪੀ ਬਿਰਛ ਦਾ ਆਸਰਾ ਲੈ ਕੇ ਖੜੇ ਹੁੰਦੇ ਹਾਂ ਤਾਂ ਆਪਣਿਆਂ ਪਰਾਇਆਂ ਦੇ ਹਮਲੇ, ਅਨਮਤੀਆਂ ਵੱਲੋਂ ਆਪਣੇ ਵੀਰਾਂ ਨੂੰ ਪਤਿਤ ਕਰਨ ਦੇ ਕਾਰਿਆਂ ਰੂਪੀ ਸ਼ਾਂ ! ਸਾਂ !! ਦੀ ਭਯਾਨਕ ਅਵਾਜ਼ ਸੁਣਦੇ ਹਾਂ ਤਦ ਬੜੀ ਹੀ ਘਬਰਾਹਟ ਹੁੰਦੀ ਹੈ। ਇਸ ਘਬਰਾਹਟ ਦੇ ਘਟਨ ਦੀ ਥਾਂ ਜਦ ਬਿਰਛਾਂ ਦੇ ਗਿਰਾਓ ਰੂਪੀ ਜੱਫਿਆਂ ਦੀ ਭਯਾਨਕ ਤੇ ਆਸ਼ਰਮਾਂ ਦੀ ਡਾਵਾਂ ਡੋਲ ਦਸ਼ਾ ਦੇਖਦੇ ਹਾਂ ਤਦ ਸਗੋਂ ਹੋਰ ਭੀ ਡਰ ਹੁੰਦਾ ਹੈ। ਗੁਰਮਤ ਵਿਚਾਰ ਤੇ ਕੌਮੀ ਪਿਆਰ ਰੂਪੀ ਘਰ ਅਰ ਗੁਰਮੁਖਾਂ ਦੇ ਮੇਲ ਰੂਪੀ ਸੰਬੰਧੀਆਂ ਤੋਂ ਵਿਛੜੇ ਹੋਏ ਮੌਤ ਹੀ ਮੌਤ ਯਾਦ ਔਂਦੀ ਹੈ, ਪਰ ਹਾ ! ਮੰਦ ਭਾਗ ! ਅਜੇਹੀ ਦਸ਼ਾ ਵਿਚ ਜੈਸਾ ਅਸੀ ਅਨਿੱਤ ਤੇ ਤੁਛ ਪਰਕਾਸ਼ ਵਾਸਤੇ ਚਾਹਨਾਂ ਕਰਦੇ ਤੇ ਵਿਲਕਣੀਆਂ ਲੈਂਦੇ ਹਾਂ ਇਹ ਸੱਟਾਂ ਸਹਾਰਦੇ ਹੋਏ ਭੀ ਇਸ ਸੱਚੇ ਪਰਕਾਸ਼ ਵਾਸਤੇ ਇਤਨੇ ਯਤਨਵਾਂਨ ਨਹੀਂ ਹੁੰਦੇ ਹਾਂ! ਪਿਆਰਿਓ! ਜੀਵਨਾਂ ਨੂੰ ਪਵਿੱਤਰ ਕਰਨ ਵਾਸਤੇ ਹੋਸ਼ ਕਰੋ ! "ਪਉੜੀ ਛੁਟਕੀ ਫਿਰ ਹਾਥ ਨ ਆਵੈ" ਏਹ ਮਨੁਖਾ ਜਨਮ ਬਹੁਤ ਹੀ ਦੁਰਲੱਭ ਹੈ "ਜਿਸ ਦੇਹੀ ਕਉ ਲੋਚੈ ਦੇਵ" ਪ੍ਰਾਪਤ ਕਰਕੇ ਵੀ ਜੇਕਰ ਅਸੀ ਅੰਧਕਾਰ ਦੀ ਵੱਲ ਹੀ ਅੰਧਾ ਧੁੰਦ ਦੌੜ ਰਹੇ ਹਾਂ ਤਾਂ ਧਿਕਾਰ ਹੈ ਸਾਡੇ ਏਸ ! ਮਨੁਖਾ ਜਨਮ ਤੇ !!

ਸਾਡੇ ਵਿਚੋਂ ਕਿਤਨੇ ਕੁ ਜੀਵਨ ਹਨ ਜੋ ਇਸ ਸੱਚੇ

ਪ੍ਰਕਾਸ਼ ਦੀ ਤਾਂਘ ਵਿਚ ਮਨ ਅਰਪਨ ਕਰਦੇ ਹਨ ? ਕਿਤਨੇਕੁ ਜੀਵਨ ਨਿਰਮਲ ਹਿਰਦਯ ਦੀ ਸ਼ੁਧ ਭਗਤੀ ਲੈਕੇ ਇਸ ਅੰਧੇਰੇ ਤੋਂ ਬਚਨ ਵਾਸਤੇ ਆਤਮ ਸਮਰਪਣ ਕਰਨ ਨੂੰ ਤਿਆਰ ਹਨ ? ਸ਼ੋਕ ! ਇਤਨੇ ਭਾਰੀ ਉਤਸ਼ਵ ਸਮੇਂ ਉਸ ਸੱਚੇ ਪ੍ਰਕਾਸ਼ ਦੇ ਸਥੂਲ ਰੂਪ ਤੇ ਦਸਵੇਂ ਜਾਮੇਂ ਵਿਚ ਪਰਕਾਸ਼ਤ ਹੋਵਨ ਦੀ ਯਾਦ ਦੇ ਇਸ ਪਰਕਾਸ਼ ਮਈ ਦਿਹਾੜੇ ਭੀ ਅਸਾਂ ਮੰਦ ਭਾਗੀਆਂ ਨੇ ਪ੍ਰਕਾਸ਼ ਤੋਂ ਲਾਭ ਨਾ ਉਠਾਇਆ ਤਾਂ ਇਸਤੋਂ ਵੱਧ ਹੋਰ ਅਧਾ ਪੱਤਨ ਕੀਹ ਹੈ ?

ਅਸੀ ਉਸ ਸਚੇ ਪ੍ਰਕਾਸ਼ ਨੂੰ ਤਾਂ ਸੱਚੇ ਪਿਤਾ ਜੀ ਦੀ ਸੰਤਾਨ ਹੋ ਕੇ ਪਿਤਾ ਜੀ ਨੂੰ ਭੁਲ ਗਏ ਹਾਂ ! ਕੇਵਲ ਬਾਹਰੀ ਧੂਮ ਧਾਮ 'ਦਖਾ ਕੇ ਨਾਮਵਰੀ ਪਾਵਨਦੇ ਵਾਸਤੇ ਤਰਸਦੇ ਹਾਂ, ਕੀ ਇਸ ਵਿਚ ਸਾਡੀ ਆਤਮਾਂ ਕਲੰਕਤ ਨਹੀਂ ਹੋ ਰਹੀ ? ਸਾਡਾ ਮਨੁਖ ਜੀਵਨ ਬਿਅਰਥ ਨਹੀਂ ਜਾ ਰਿਹਾ ? ਅਸੀ ਪਿਤਾ ਜੀ ਦੇ ਪਿਆਰ ਦੇ ਯੋਗ੍ਯ ਹੋ ਸਕਦੇ ਹਾਂ ? ਕੀ ਉਸ ਸਚੇ ਪਿਤਾ ਜੀ ਦੀ ਸੰਤਾਨ ਕਿਸੇ ਲੜਾਈ ਝਗੜੇ ਵਿਚ ਗਰਕ ਹੋ ਸਕਦੀ ਹੈ ? ਪਿਆਰੇ ਵੀਰੋ ! ਆਓ ਜਰਾ ਧੀਰਜ ਨਾਲ ਸਥਿਰ ਚਿਤ ਹੋਕੇ ਵਿਚਾਰੀਏ, ਏਕਾਂਤ ਵਿਚ ਬੈਠਕੇ ਕੁਝ ਚਿਰ ਸ਼ਾਂਤਿ ਤੇ ਮੋਨ ਹੋ ਕੇ ਸੋਚੀਏ ਕਿ ਸਾਡੇ ਚਿੱਤ ਲੜਾਈ, ਝਗੜੇ, ਨੀਚ ਸਵਾਰਥ, ਬਦਲੇ ਲੈਣ ਦੀਆਂ ਵਡਿਆਈਆਂ ਪਾਵਨ ਵਾਸਤੇ ਕਿਤਨੇ ਤਰਸ ਰਹੇ ਹਨ ? ਕੀ ਅਸੀ ਸੰਸਾਰ ਭਰ ਵਾਸਤੇ ਸੁਖਾਂ ਦਾ ਸੋਮਾਂ ਹੋ ਰਹੇ ਹਾਂ ? ਸਾਡੇ ਵਿਚ ਸਹੋਦਰਤਾ ਦਾ ਪ੍ਰੇਮ ਵਰਤ ਰਿਹਾ ਹੈ ? ਅਸੀ ਆਪਣੇ ਆਪ ਦੇ ਕੱਟੜ ਸ਼ਤ੍ਰੂ ਨਹੀਂ ਬਣ ਰਹੇ ? ਇਸ

ਦਸ਼ਾ ਵਿਚ ਓਹ ਸਚਾ ਪਿਤਾ ਸਾਡੇ ਨਾਲ ਪਿਆਰ ਕਰੇਗਾ ?

ਉਸ ਸੱਚੇ ਪਿਤਾ ਦੀ ਸੰਤਾਨ ਹੋ (ਅੰਮ੍ਰਿਤ ਛਕ) ਕੇ ਉਸ ਪਿਤਾ ਦੇ ਭਰੋਸੇ ਨਿਡਰ ਰਹਿਕੇ ਭੀ ਉਸਦੀਆਂ ਸਿਖਜਾਵਾਂ ਨੂੰ ਛਿੱਕੇ ਤੇ ਰੱਖਕੇ ਉਸਦੇ ਪਰੇਮ ਵਲੋਂ ਠੱਨ ਠੱਨ ਗੋਪਾਲ ! ਹੋ ਕੇ ਅਸੀ ਮਹਾਨ ਅਧਾ ! ਪੱਤਨ ਨਹੀਂ ਹੋ ਗਏ ? ਸਾਡੇ ਬਜ਼ੁਰਗਾਂ ਦੀਆਂ ਕਰਨੀਆਂ ਅਜੇ ਭੀ ਦੁਨੀਆਂ ਭਰ ਵਿਚ ਥਰ ਥਰਾਹਟ ਉਤਪਤ ਕਰ ਦੇਵਨ ਵਾਲੀਆਂ ਹਨ ! ਅਸੀ ਓਨਾਂ ਦੀ ਸੰਤਾਨ ਜੀਉਂਦੇ ਰਹਿਣ ਦੇ ਯੋਗ ਰਹਿ ਗਏ ਹਾਂ ?

ਹਾ ! ਪਿਛਲੇ ਸਾਕੇ ਯਾਦ ਕਰਕੇ ਤੇ ਆਪਣੀ ਦਸ਼ਾ ਨੂੰ ਦੇਖ ਦੇਖ ਕੇ ਹਿਰਦਾ ਫਟਦਾ ਹੈ । ਕੀ ਇਸ ਯਾਦ ਦਿਹਾੜੇ ਦੀਆਂ ਖੁਸ਼ੀਆਂ ਸਾਡੇ ਹਿਰਦਿਆਂ ਨਾਲ਼ ਸੰਬੰਧਤ ਹਨ ? ਮਲੀਨ ਹ੍ਰਿਦਯ ਨਾਲ ਏਹ ਸਭ ਕੁਝ ਇਕ ਨਾਟਕ ਦੀ ਖੇਡ ਦੀ ਤਰਾਂ ਸਾਡੇ ਹ੍ਰਿਦਯਾਂ ਦੀ ਕਪਟਤਾ ਦਾ ਲੱਛਨ ਨਹੀਂ ? ਜੇ ਅਸੀ ਅੱਜ (ਗੁਰਪੁਰਬ) ਦੇ ਦਿਹਾੜੇ ਭੀ ਆਪਣੇ ਹਿਰਦਿਆਂ ਨੂੰ ਸਵੱਛ ਕਰਨ ਤੇ ਆਪਣੀ ਦਸ਼ਾ ਨੂੰ ਸੁਧਾਰਨ ਦੇ ਥਾਉਂ ਥਾਈਂ ਵਿਤ ਅਨੁਸਾਰ ਯਤਨ ਨਾ ਕੀਤੇ ਤਦ ਸਾਡਾ ਬਾਕੀ ਜੀਵਨ ਭੀ ਕੇਵਲ ਸਰਬਨਾਸ਼ੀ, ਕਲਹ ਅਤੇ ਮਨੁਖਯਤਾ ਵਿਗਾੜਨ ਵਾਲੀ ਕਪਟਤਾ ਦਾ ਕੇਂਦ੍ਰ ਬਣ ਕੇ ਅੰਤਮ ਨਾਸ ਤਕ ਨਹੀਂ ਪਹੁੰਚ ਜਾਏਗਾ ? ਜੋ ਪਿਤਾ "ਘਟ ਘਟ ਕੇ ਪਟ ਪਟ ਕੀ ਜਾਨਤ" ਉਸਤੋਂ ਸਾਡੇ ਭੇਤ ਗੁਝ ਰਹਿ ਸਕਦੇ ਹਨ ? ਆਓ ਅੱਜ ਦੇ ਦਿਨ ਉਸ ਸਚੇ ਪਿਤਾ ਦੇ ਸਨਮੁਖ ਨਿਸਕਪਟ ਹ੍ਰਿਦਯ ਹੋਕੇ ਬੇਨਤੀਆਂ ਕਰੀਏ

ਕਿ ਹੇ ਪਿਤਾ:-

"ਪ੍ਰਭੁ ਕੀਜੈ ਕਿਰਪਾ ਨਿਧਾਨ ਹਮ ਹਰਿ ਗੁਨ ਗਾਵਹਿਗੇ। ਹਉ ਤੁਮਰੀ ਕਰਹਿ ਨਿਤ ਆਸ ਪ੍ਰਭ ਮੋਹਿ ਕਬ ਗਲ ਲਾਵਹਿਗੇ ॥ ੧ ॥ ਰਹਾਉ ॥ ਹਮ ਬਾਰਕ ਮੁਗਧ ਇਆਨ ਪਿਤਾ ਸਮਝਾਵਹਿਗੇ। ਸੁਤ ਖਿਨ ਖਿਨ ਭੁਲ ਬਿਗਾਰ ਜਗਤ ਪਿਤ ਭਾਵਹਿਗੇ ॥ ੧ ॥ ਜੋ ਹਰਿ ਸੁਆਮੀ ਤੁਮ ਦੇਹੁ ਸੋਈ ਹਮ ਪਾਵਹਿਗੇ। ਮੋਹਿ ਦੂਜੀ ਨਾਹੀ ਠਉਰਿ ਜਿਸ ਪਹਿ ਹਮ ਜਾਵਹਿਗੇ ॥ ੨ ॥ ਜੋ ਹਰਿ ਭਾਵਹਿ ਭਗਤਿ ਤਿਨਾ ਹਰਿ ਭਾਵਹਿਗੇ। ਜੋਤੀ ਜੋਤ ਮਿਲਾਇ ਜੋਤ ਰਲਿ ਜਾਵਹਿਗੇ ॥ ੩ ॥ ਹਰਿ ਆਪੇ ਹੋਇ ਕਿਰਪਾਲ ਆਪ ਲਿਵ ਲਾਵਹਿਗੇ। ਜਨ ਨਾਨਕ ਸਰਣਿ ਦੁਆਰਿ ਹਰਿ ਲਾਜ ਰਖਾਵਹਿਗੇ ॥ ੪ ॥"

"ਮੇਰੀ ਸੰਗਤਿ ਪੋਚ ਸੋਚ ਦਿਨੁ ਰਾਤੀ। ਮੇਰਾ ਕਰਮੁ ਕੁਟਿਲਤਾ ਜਨਮੁ ਕੁਭਾਂਤੀ ॥ ੧ ॥ ਰਾਮ ਗੁਸਈਆ ਜੀਅ ਕੇ ਜੀਵਨਾ। ਮੋਹਿ ਨ ਬਿਸਾਰਹੁ ਮੈ ਜਨ ਤੇਰਾ ॥ ੧ ॥ ਰਹਾਉ ॥ ਮੇਰੀ ਹਰਹੁ ਬਿਪਤਿ ਜਨ ਕਰਹੁ ਸੁਭਾਈ। ਚਰਣ ਨ ਛਾਡਉ ਸਰੀਰ ਕਲ ਜਾਈ ॥ ੨ ॥ ਕਹੁ ਰਵਿਦਾਸ ਪਰਉ ਤੇਰੀ ਸਾਂਭਾ। ਬੇਗਿ ਮਿਲਹੁ ਜਨ ਕਰਿ ਨ ਬਿਲਾਂਬਾ ॥ ੩ ॥ ੧ ॥"

"ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ।"

ਉਸ ਸਚੇ ਪਿਤਾ ਜੀ ਦਾ ਬਿਰਦ ਹੈ ਕਿ:-

"ਜੋ ਸ਼ਰਣ ਆਵੈ ਤਿਸ ਕੰਠ ਲਾਵੈ ਇਹ ਬਿਰਦ ਸੁਆਮੀ ਸੰਦਾ"।

"ਪਿਛਲੇ ਅਵਗੁਣ ਬਖਸ ਲਏ ਪ੍ਰਭ ਆਗੈ ਮਾਰਗਿ ਪਾਵੈ"।

ਆਓ ਰਲਕੇ ਹਾੜ੍ਹੇ ਕੱਢੀਏ ਤੇ ਬੇਨਤੀ ਕਰੀਏ ਕਿ:-

ਸੱਚੇ ਪਿਤਾ ਜੀ ਸੱਚੜਾ ਪੰਥ ਤੇਰਾ, ਸੱਚ ਵਾਸਤੇ ਜਗਤ ਜੋ ਸਾਜਿਆ ਸੀ। ਪ੍ਰੇਪਕਾਰ ਸੁਧਾਰ ਨੂੰ ਜੱਗ ਸਾਰੇ, ਅਨਾਥ ਰਖਜਾ ਹੇਤ ਜੋ ਗਾਜਿਆ ਸੀ। ਰੱਖੇ ਸੱਤ ਤੇ ਸੱਤ ਪ੍ਰਚਾਰਨੇ ਨੂੰ, ਤੇ ਭਰਾਤ੍ਰੀ ਭਾਵ ਨੂੰ ਭਾਜਿਆ ਸੀ। ਹਾਇ! ਭੁੱਲਿਆ ਸਭ ਹੀ ਕਿਰਤ ਅਪਨੀ, ਪਾਪਣ ਫੁੱਟ ਨੇ ਫਟ ਕੇ ਛਾਜਿਆ ਸੀ ॥ ੧ ॥ ਜਤ ਸਤ ਸੰਤੋਖ ਸੁਚ ਸ਼ੀਲ ਸੰਜਮ, ਪ੍ਰੇਮ ਨੇਮ ਤੇ ਧਾਰਨਾਂ ਦੂਰ ਹੋਈਆਂ। ਦਯਾ ਖ੍ਰਿਮਾਂ ਉਪਕਾਰ ਤੇ ਭਾਵ ਭ੍ਰਾਤ੍ਰਿ, ਸਭੋ ਮੇਲ ਵਿਹਾਰਾਂ ਨੇ ਦੂਰ ਹੋਈਆਂ। ਕਾਮ ਕਰੋਧ ਹੰਕਾਰ ਤੇ ਲੋਭ ਹਠ ਤੋਂ, ਨਾਲ ਸਵਾਰਥਾਂ ਬਰਕਤਾਂ ਕੂਰ ਹੋਈਆਂ। ਰੱਖੀਂ ਲਾਜ ਹੁਣ ਬਾਹੁੜੀ! ਪਿਤਾ ਸੱਚੇ, ਦੀਨ ਮੰਗਤਾਂ ਦੁਖੀ ਹਜ਼ੂਰ ਹੋਈਆਂ ॥ ੨ ॥ ਨਹੀਂ ਓਟ ਤੇ ਆਸਰਾ ਹੋਰ ਕੋਈ, ਵਾਲੀ ਕੋਈ ਨਾਂ ਕਰੇ ਸੰਭਾਲ ਜੇਹੜਾ। ਪਾਪਣ ਫੁਟ ਨੇ ਕੁਟ ਕੇ ਚੂਰ ਕੀਤਾ, ਦੁਖੀ ਦਸ਼ਾ ਵਿਚ ਤੇਰੜੇ ਬਿਨਾਂ ਕੇਹੜਾ। ਦੁਖਾਂ ਮਾਰਿਆਂ ਅਵਗੁਣਾਂ ਦੱਬਿਆਂ ਨੂੰ, ਤੇਰੀ ਸ਼ਰਨ ਬਿਨ ਹੋਰ ਨਾਂ ਕੋਇ ਵੇਹੜਾ। ਬਖਸ਼ ਭੁਲਿਆਂ ਭਟਕਿਆਂ ਪਾਪੀਆਂ ਨੂੰ, ਚਰਨੀਂ ਲਾਇਕੇ ਕਰੋ ਹੁਣ ਪਾਰ ਬੇੜਾ ॥ ੩ ॥ ਪਈਆਂ ਢਿਲਾਂ ਨੀਤੀਆਂ ਕੁਟਲ ਸਾਡੇ, ਸੇਵਕ ਸੇਵ ਦੇ ਫ਼ਰਜ਼ ਗਏ ਭੁਲ

ਸਾਰੇ। ਹਾਇ ਚਾਨਣੇ ਵਿਚ ਅੰਧੇਰ ਵਰਤੇ, ਬਣੇ ਅਸਾਂ ਦੇ ਨਾਲ ਕੀ ਏਹ ਕਾਰੇ। ਸੱਜਣ ਜਾਂਣ ਕੇ ਭਾਵ ਭਰਾਉ ਮਿਲੀਏ, ਪ੍ਰਗਟ ਹੋਂਵਦੇ ਹੋਰ ਹੀ ਆਣ ਤਾਰੇ। ਕੂੜੇ ਸਵਾਰਥਾਂ ਫੁੱਟ ਦੇ ਫੱਟ ਪਾਂਵਨ, ਸ਼ਕਲ ਮੋਮਨਾਂ ਕਾਫ਼ਰਾਂ ਹੋਣ ਕਾਰੇ ॥ ੪॥ ਸੱਚ ਕਿਹਾਂ ਤਾਂ ਮੱਚਦਾ ਆਣ ਭਾਂਬੜ, ਹਾਇ ਘਾਤ ਭੀ ਨਹੀਂ ਸੁਖਾਂਵਦੇ ਜੇ। ਵਾਜ ਤੂਤੀ ਦੀ ਕੀਹ ਨਗਾਰ ਖਾਨੇਂ, ਡਰ ਏਹ ਭੀ ਆਣ ਡਰਾਂਵਦੇ ਜੇ। ਬਖਸ਼ ਪਿਤਾ ਹੁਣ ਬਾਹੁੜੀ ਬਖਸ਼ ਸਾਈਆਂ, ਕਾਹਨੂੰ ਇਸਤਰਾਂ ਪਏ ਤੜਫ਼ਾਂਵਦੇ ਜੇ। ਲਈਂ ਸਾਰ ਨਾਂ ਮੂਲ ਵਿਸਾਰ ਹੁਣ ਤਾਂ,ਕਾਰ ਏਹ ਨਾਂ ਮੂਲ ਹੁਣ ਭਾਂਵਦੇ ਜੇ।੫॥ ਦੇ ਕੇ ਦਰਸ ਨਾਂ ਤਰਸ ਹੁਣ ਫੇਰ ਦੇਵੀਂ, ਦੇਵੀਂ ਸ਼ਰਨ ਹੁਣ ਭੁੱਲਿਆਂ ਭਟਕਿਆਂ ਨੂੰ। ਪਾਲੀਂ ਬਿਰਦ ਨਾਂ ਅਸਾਂ ਦੇ ਕਰਮ ਵੇਖੀਂ, ਦੇਵੀਂ ਮੱਤ ਹੁਣ ਫੁਟ ਦੇ ਫਟਕਿਆਂ ਨੂੰ। ਕਰੀਂ ਦੂਰ ਅੰਧੇਰ ਅੰਧੇਰ ਦੇ ਨੂੰ, ਦੂਰ ਕਰੀਂ ਹੁਣ ਸਭ ਹੀ ਖਟਕਿਆਂ ਨੂੰ। ਮੇਲੀਂ ਮੇਲ ਪਰ ਕਦੇ ਵਿਛੋੜ ਨਾਹੀਂ, ਕਰੀਂ ਪਾਰ ਹੁਣ ਭੁਲਕੇ ਅਟਕਿਆਂ ਨੂੰ ॥ ੬ ॥ ਰਖੀਂ ਲਾਜ ਹੁਣ ਨਾਮ ਤੇ ਬਿਰਦ ਮੰਦੀ, ਤੁਧ ਵਿਸਰ ਕੇ ਪਏ ਦੁਖ ਪਾਂਵਦੇ ਹਾਂ। ਵਿਛੜੇ ਵੀਰ ਮਿਲਾਇਕੇ ਸ਼ਰਨ ਲਾਵੋ, ਫੱਟੇ ਫੁਟਦੇ ਪਏ ਪਛਤਾਂਵਦੇ ਹਾਂ। ਬਾਹੁੜੀ! ਵਾਸਤਾ ਨਾਮ ਦਾ ਪਿਤਾ ਸਚੇ, ਰਖ ਲਈਂ ਹੁਣ ਪਏ ਗਰਕਾਂਵਦੇ ਹਾਂ। ਵੱਸੀਂ ਸਦਾ ਹਿਰਦੇ ਨਸੀਂ ਕਦੀ ਨਾਂਹੀਂ, ਨਾਮ ਮੰਦੇ ਤਾਂ ਤੁਧ ਸਦਾਂਵਦੇ ਹਾਂ॥

# ਫੁੱਲਾਂ ਦੀ ਪ੍ਰਫੁਲਤਾ !

ਹਰ ਇਕ ਸੱਜਣ ਕਿਸੇ ਫੁਲ (ਪੁਸ਼ਪ) ਨੂੰ ਦੇਖਕੇ ਵਿਚਾਰਦਾ ਹੈ ਕਿ ਇਹ ਫੁੱਲ ਕੀ ਵਸਤੂ ਹੈ ਅਰ ਇਸਨੂੰ ਕਿਸ ਨੇ ਬਨਾਯਾ ਹੈ। ਫੁਲਾਂ ਦੀ ਸੁੰਦਰਤਾ ਦੇਖਦੇ ਇਹ ਵਿਚਾਰ ਉਪਜਦੇ ਹੀ ਉਸ ਕਰਨ ਕਾਰਨ ਸਮਰੱਥ ਸਰਬ ਸ੍ਰਿਸ਼ਟੀ ਦੇ ਕਰਤਾ ਸੱਚੇ ਪਿਤਾ ਵਾਹਿਗੁਰੂ ਜੀ ਦੀ ਯਾਦ ਹਿਰਦੇ ਵਿੱਚ ਇਸਤਰਾਂ ਉਗਮ ਆਉਂਦੀ ਹੈ ਜਿਸਤਰਾਂ ਗੁਰਪੁਰਬ ਦੇ ਦਿਨ ਭੁਲਿਆਂ ਹੋਯਾਂ ਨੂੰ ਭੀ ਗੁਰ ਉਪਕਾਰ ਸਿਮਰਣ ਹੋ ਜਾਂਦੇ ਹਨ ! ਸ੍ਰਿਸ਼ਟੀ ਦੀ ਰਚਨਾਂ ਦੇਖਣ ਤੋਂ ਰਚਣ ਹਾਰ ਕਰਤਾਰ ਦੀ ਕੁਦਰਤ ਦੇ ਪ੍ਰਕਾਸ਼ ਦੀ ਝਲਕ ਇਸੇਤਰਾਂ ਹੀ ਨੇਤ੍ਰਾਂ ਸਾਹਮਣੇ ਆ ਜਾਂਦੀ ਹੈ ਜਿਸਤਰਾਂ ਗੁਰ ਉਪਕਾਰਾਂ ਦੇ ਸਾਹਮਣੇ ਗੁਰ ਪ੍ਰਕਾਸ਼ ! ਪਰ ਸ਼ੋਕ ਹੈ ਕਿ ਬਹੁਤ ਸਾਰੇ ਪੁਰਸ਼ ਉਸ ਕਰ-ਤਾਰ ਦੀ ਯਾਦ ਤੋਂ ਭੁੱਲਕੇ ਕੇਵਲ ਉਸਦੀ ਰਚਨਾਂ ਵਿੱਚ ਖਪ ਰਹਿੰਦੇ ਹਨ:—

'ਠਾਕਰ ਛੋਡ ਦਾਸੀ ਕਉ ਧਾਵਹਿ'
'ਦਾਤਿ ਪਿਆਰੀ ਵਿਸਰਿਆ ਦਾਤਾਰ'

ਜਿਸਤਰਾਂ ਕਿ ਗੁਰਪੁਰਬਾਂ ਦੀ ਯਾਦ ਦੇ ਦਿਨ ਚਾਹੀਦਾ ਹੈ ਕਿ ਗੁਰ ਉਪਕਾਰਾਂ ਨੂੰ ਯਾਦ ਕਰਦੇ ਹੋਏ, ਸਤਗੁਰੂ ਜੀ ਦੀ ਪ੍ਰਾਪਤੀ ਵਾਸਤੇ ਆਪਣੇ ਆਪ ਨੂੰ ਹਾਜ਼ਰ ਕਰੀਏ ਤੇ ਭਲੀ ਪ੍ਰਕਾਰ ਜਾਚੀਏ ! ਸਰਬ ਪ੍ਰਕਾਰ ਦੀ ਮਲਿਨਤਾ ਦੂਰ ਕਰਕੇ ਸਮਰੱਥ ਪਿਤਾ ਦੀ ਸ਼ਰਣ ਯੋਗ ਹੋਣ ਦੇ

ਗੁਣ ਧਾਰਨ ਕਰੀਏ ।ਪਰ ਅਸੀ ਕੇਵਲ ਬਾਹਰੀ ਸਾਧਨਾਂ ਵਿੱਚ ਹੀ ਖਚਿਤ ਹੋ ਜਾਂਦੇ ਹਾਂ ! ਜਿਸਤਰਾਂ ਕਿ ਇਕ ਰਾਜ ਪੁਰਸ਼ (ਸਿਪਾਹੀ ਆਦਿ) ਵਾਸਤੇ ਰਾਜਾ ਦੀ ਵਲੋਂ ਪ੍ਰਵਾਣ ਹੋਣ ਅਰ ਚਿੰਨ੍ਹ ਦੀ ਧਾਰਨਾਂ ਦੀ ਲੋੜ ਹੈ, ਜਿਸ-ਤਰਾਂ ਕਿ ਇਕ ਸਿਪਾਹੀ ਦੇ ਜੇਕਰ ਵਰਦੀ ਨਹੀਂ ਤਦ ਭੀ ਓਹ ਆਪਣੇ ਪੂਰਨ ਅਧਿਕਾਰ ਵਰਤਨ ਦਾ ਹੱਕ-ਦਾਰ ਨਹੀਂ ਤੇ ਨਾਂ ਹੀ ਦੂਜਿਆਂ ਦੇ ਦੇਖਣ ਮਾਤ੍ਰ ਤੇ ਭਰੋਸੇ ਯੋਗ ਹੋ ਸਕਦਾ ਹੈ,ਇਸੇਤਰਾਂ ਰਾਜਾ ਦੀ ਵਲੋਂ ਨਾਂ ਪ੍ਰਵਾਨ ਹੋਵਨ ਤੇ ਕੇਵਲ ਚਿੰਨ੍ਹ (ਵਰਦੀ ਆਦਿ) ਦੇ ਧਾਰਨ ਵਾਲਾ ਦੂਜਿਆਂ ਨੂੰ ਧੋਖਾ ਦੇਣ ਦਾ ਅਪਰਾਧੀ ਠਹਰਾਕੇ ਦੰਡ ਯੋਗ ਕੀਤਾ ਜਾਂਦਾ ਹੈ। ਇਸੇ ਤਰਾਂ ਹੀ ਗੁਰ ਸਿਖਾਂ ਵਾਸਤੇ 'ਬਾਹਰ ਭੀਤਰ ਏਕੋ ਜਾਨ' ਦਾ ਵਿਚਾਰ ਪੂਰਨ ਧਾਰਨਾਂ ਵਿੱਚ ਹੋਣਾ ਯੋਗ ਹੈ ! ਅਰ ਜਿਸਤਰਾਂ ਫੌਜਾਂ ਜਾਂ ਪੋਲੀਸ ਦੇ ਸਿਪਾਹੀਆਂ ਆਦਿ ਦੀ ਪਰਖ ਵਾਸਤੇ ਵੱਡੇ ਹਾਕਮਾਂ ਵਲੋਂ ਦਿਨ ਨਿਯਤ ਹੁੰਦੇ ਹਨ ਇਸੇ ਤਰਾਂ ਹੀ ਗੁਰ ਸਿੱਖਾਂ ਵਾਸਤੇ ਆਪਣੇ ਆਪ ਦੀ ਪਰਖ ਵਾਸਤੇ ਗੁਰਪੁਰਬ ਆਦਿ ਨਿਯਤ ਹਨ ! ਏਥੇ ਕਈ ਸੱਜਣ ਏਸ ਵਿਚਾਰ ਤੇ ਕਿ 'ਜਿਨ ਪਟ ਅੰਦਰ ਬਾਹਰ ਗੁਦੜ ਤੇ ਭਲੇ ਸੰਸਾਰ' ਬਾਹਰੀ ਚਿੰਨ੍ਹ ਦੇ ਹੋਵਨ ਤੇ ਸੰਦੇਹ ਕਰ ਸਕਦੇ ਹਨ, ਪਰ ਸੰਦੇਹ ਦੀ ਥਾਂ ਨਹੀਂ, ਜਿਸਤਰਾਂ ਰਾਜ ਬਲ ਦੇ ਪੂਰਨ ਰਾਖੇ ਗੁਪਤ ਭੇਦੀਆਂ ਵਾਸਤੇ ਦਿਖਲਾਵੇ ਦੇ ਚਿੰਨ੍ਹ ਦਿਖਲਾਵਨ ਦੀ ਲੋੜ ਨਹੀਂ ਹੁੰਦੀ ਅਰ ਉਨ੍ਹਾਂ ਤੇ ਰਾਜ ਵਲੋਂ ਪੂਰਨ ਭਰੋਸਾ ਅਰ ਉਨ੍ਹਾਂ ਵਲੋਂ ਰਾਜ ਨੂੰ ਗੁਪਤ ਪ੍ਰਗਟ ਹੋਣ ਵਾਲੀਆਂ ਹਾਨੀਆਂ ਤੋਂ ਸਦਾ ਬਚਾਉ ਰਹਿੰਦਾ ਹੈ, ਪਰ ਆਪੋ

ਆਪਣੇ ਅਧਿਕਾਰ ਦੇ ਚਿੰਨ੍ਹ ਉਨਾਂ ਵਾਸਤੇ ਭੀ ਸਦਾ ਅੰਗ ਸੰਗ ਰਖਣੇ ਜ਼ਰੂਰੀ ਹੁੰਦੇ ਹਨ ਜੋ ਪਤਾ ਨਹੀਂ ਕਿਸ ਵੇਲੇ ਪ੍ਰੀਖਯਾ ਦੇਣ ਦੀ ਲੋੜ ਪੈ ਜਾਵੇ, ਹਾਂ ਹਰ ਇਕ ਦੇ ਦਿਖਲਾਵੇ ਵਾਸਤੇ ਲੋੜ ਨਹੀਂ, ਪਰ ਸਦਾ ਅੰਗ ਸੰਗ ਰਖਣ ਦੀ ਤੇ ਸੁਚੇਤ ਰਹਿਣ ਦੀ ਭਾਰੀ ਲੋੜ ਹੈ! ਰਚਨਾ ਨੂੰ ਦੇਖਕੇ ਰਚਨਹਾਰ ਦਾ ਭੇਦ ਜਾਣਨ ਵਾਲੇ ਗੁਰਮੁਖ ਹੀ ਪੂਰਨ ਲਾਭ ਪ੍ਰਾਪਤ ਕਰ ਸਕਦੇ ਹਨ ਅਰ ਕੇਵਲ ਰਚਨਾਂ ਨੂੰ ਦੇਖਣ ਤੇ ਓਹ ਅਨੰਦ ਭੀ ਪ੍ਰਾਪਤ ਨਹੀਂ ਹੁੰਦਾ ਜੋ ਰਚਨਹਾਰ ਨੂੰ ਜਾਣਦੇ ਹੋਏ ਰਚਨਾਂ ਦੇਖਣ ਤੋਂ ਪ੍ਰਾਪਤ ਹੁੰਦਾ ਹੈ! ਸਗੋਂ ਰਚਨਾਂ ਨੂੰ ਦੇਖਣਾ ਰਚਣ ਹਾਰ ਦੇ ਗਜਾਨ ਦੀ ਪ੍ਰਾਪਤੀ ਵਾਸਤੇ ਸਿੱਧਾ ਤੇ ਸੁਖਾਲਾ ਰਸਤਾ ਪਛਾਣ ਕਰ ਲੈਣਾ ਚਾਹੀਦਾ ਹੈ ਅਰ ਇਹ ਅਟੱਲ ਹੈ ਕਿ ਰਚਨਾਂ ਰਚਨ ਹਾਰ ਦੀ ਸੱਤਾ ਦਾ ਹੀ ਇਕ ਅੰਸ਼ ਹੈ!

ਵਾਹਿਗੁਰੂ ਨੇ ਫੁਲਾਂ ਨੂੰ ਨਿਰਾ ਮਨੁਖਾਂ ਦੇ ਵਾਸਤੇ ਹੀ ਨਹੀਂ ਸਗੋਂ ਆਪਣੀ ਮਹਿਮਾਂ ਦੇ ਵਾਸਤੇ ਉਤਪੰਨ ਕੀਤਾ ਹੈ, ਉਸ (ਵਾਹਿਗੁਰੂ) ਨੇ ਉਨ੍ਹਾਂ (ਫੁਲਾਂ) ਨੂੰ ਬਨਾਂ, ਚਟਾਨਾਂ, ਪਰਬਤਾਂ ਆਦਿ ਤੇ ਭੀ ਪ੍ਰਗਟ ਕੀਤਾ ਹੈ ਜਿਥੇ ਸਾਧਾਰਨ ਆਦਮੀਆਂ ਦੀ ਮੂਲੋਂ ਹੀ ਪਹੁੰਚ ਨਹੀਂ ਅਰ ਓਹ ਆਪ ਉਨ੍ਹਾਂ ਦੀ ਬਾਗਵਾਨੀ ਕਰਦਾ ਹੈ! ਭਾਵੇਂ ਮਨੁਖ ਦੀ ਦ੍ਰਿਸ਼ਟੀ ਉਨ੍ਹਾਂ ਤੇ ਨਹੀਂ ਪੈਂਦੀ ਪਰ ਉਸ ਰਚਨ ਹਾਰ ਦੀ ਦ੍ਰਿਸ਼ਟੀ ਉਨ੍ਹਾਂ ਤੇ ਜ਼ਰੂਰ ਰਹਿੰਦੀ ਹੈ! ਅਰ ਓਹ ਇਨ੍ਹਾਂ ਦੀ ਪ੍ਰਫੁਲਤਾ ਤੇ ਪ੍ਰਫੁਲਤ ਰਹਿੰਦਾ ਹੈ। ਏਹ ਸੁੰਦਰ ਫੁਲ (ਪੁਸ਼ਪ) ਭੀ ਆਪਣੇ ਸਿਰਾਂ ਨੂੰ ਉਚੇ ਕੀਤੇ ਹੋਏ ਆਪਣੇ ਰਚਨਹਾਰ ਦੀ ਪਰਸੰਸਾ ਅਰ ਪਰ-

ਕਾਸ਼ ਨੂੰ ਪ੍ਰਕਾਸ਼ਤ ਕਰਦੇ ਅਤੇ ਉਸ ਦੀ ਰਜ਼ਾ ਅਨੁਸਾਰ ਫਲਦੇ ਫੁਲਦੇ ਅਰ ਸੰਸਾਰ ਨੂੰ ਸੁੰਦਰਤਾ ਪ੍ਰਦਾਨ ਕਰਦੇ ਹਨ। ਇਕ ਵਾਰੀ ਦਾ ਹਾਲ ਹੈ ਕਿ ਇਕ ਮਹਾਤਮਾਂ ਫਿਰਦੇ ੨ ਦੂਰ ਇਕ ਸੁੰਨ ਸਾਂਨ ਬਨ ਵਿਚ ਪਹੁੰਚੇ ਅਰ ਵੇਖਿਆ ਕਿ ਉਥੇ ਏਤਨੇ ਪੁਸ਼ਪ ਫੁਲੇ ਹੋਏ ਸਨ ਕਿ ਸਾਰੀ ਪ੍ਰਿਥਵੀ ਫੁਲਾਂ ਨਾਲ ਲੱਦੀ ਹੋਈ ਮਾਨੋਂ ਇਕ ਬੜੀ ਭਾਰੀ ਪੁਸ਼ਪ ਸਿਹਜਾ (ਵਿਛਾਈ) ਵਿਛੀ ਹੋਈ ਹੈ। ਜਦ ਸੂਰਜ ਦੀਆਂ ਕਿਰਨਾਂ ਉਨਾਂ ਤੇ ਪੈਂਦੀਆਂ ਸਨ ਤਦ ਦੀ ਉਨਾਂ ਦੀ ਸੁੰਦਰਤਾ ਦੀ ਝਲਕ ਕਥਨ ਜਾਂ ਲਿਖਨ ਗੋਚਰੀ ਨਹੀਂ। ਇਹ ਦੇਖ ਕੇ ਮਹਾਤਮਾਂ ਅਚਰਜ ਹੋਏ ਕਿ ਇਸ ਸੁੰਞੇ ਬਨ ਵਿਚ ਤਾਂ ਕਦੇ ਕੋਈ ਪ੍ਰਾਣੀ ਨਹੀਂ ਆਯਾ ਪ੍ਰਤੀਤ ਹੁੰਦਾ, ਵਾਹਿਗੁਰੂ ਨੇ ਏਹ ਸੁੰਦਰ ਪੁਸ਼ਪ ਏਥੇ ਕਿਸ ਵਾਸਤੇ ਉਤਪੰਨ ਕੀਤੇ ਹਨ ? ਇਸ ਪ੍ਰਸ਼ਨ ਦੇ ਓਹੜਾ ਚਿਤ ਪਿਛੋਂ ਹੀ ਵਿਚਾਰ ਹੋਇਆ ਕਿ ਏਹ ਉਸ ਪਿਆਰੇ ਦੇ ਪਿਆਰੇ ਨੇ ਆਪਣੇ ਵਾਸਤੇ ਉਤਪੰਨ ਕੀਤੇ ਹਨ ! ਏਥੇ ਇਹ ਭੀ ਵਿਚਾਰ ਜ਼ਰੂਰੀ ਹੈ ਕਿ ਭਾਵੇਂ ਇਨ੍ਹਾਂ ਦੇ ਫੁਲਨ ਫੈਲਰਨ ਵਾਸਤੇ ਕਰਤਾਰ ਆਪ ਸਹਾਈ ਹੁੰਦਾ ਹੈ ਪਰ ਜਿਨ੍ਹਾਂ ਤੇ ਉਸ ਕਰਤਾਰ ਦੀ ਰਚਨਾਂ ਦਾ ਪ੍ਰਕਾਸ਼ ਨਾਂ ਪਵੇ ਅਰਥਾਤ ਕਿਸੇ ਬਾਹਰੀ ਛਾਯਾ ਨਾਲ ਢੱਕੇ ਜਾਵਨ ਤਾਂ ਜਦ ਤਕ ਉਹ ਛਾਯਾ ਦੂਰ ਨਾਂ ਹੋਵੇ ਤਦ ਤੋੜੀ ਫੁਲਨ ਫੈਲਰਨ ਤੋਂ ਰਹਿ ਜਾਂਦੇ ਸਗੋਂ ਘਾਟੇ ਵਲ ਹੁੰਦੇ ੨ ਅੰਤ ਸੜ ਸੁਕ ਜਾਂਦੇ ਹਨ, ਜਿੰਨਾ ਹੀ ਖੁਲਾ ਪ੍ਰਕਾਸ਼ ਪੈਂਦਾ ਰਹੇ ਉਤਨੇ ਹੀ ਅਧਿਕ ਫੁਲਦੇ ਫਲਦੇ ਹਨ।

ਫੁਲਾਂ ਦਾ ਲਗੌਣਾਂ ਜਾਂ ਉਨਾਂ ਦੇ ਬੀਜ ਬੀਜਣਾ

ਸਾਡੇ ਵਾਸਤੇ ਪ੍ਰਸੰਨਤਾ ਅਰ ਵਡਿਆਈ ਦਾ ਕਾਰਨ ਹੈ, ਜੇਹੜੇ ਲੋਕ ਸਾਡੇ ਲਗਾਏ ਫੁਲਾਂ ਦੇ ਪਾਸੋਂ ਭੀ ਲੰਘਣਗੇ ਸੁਭਾਵਕ ਹੀ ਤਨ ਮਨ ਖਿੜ ਜਾਵਨ ਤੇ ਪ੍ਰਸੰਨ ਹੋਕੇ ਜਾਵਨਗੇ ਅਰ ਓਹ ਫੁਲ ਆਪਣੀ ਮਹਿਕ ਨਾਲ ਆਸ ਪਾਸ ਦੇ ਜਲ ਵਾਯੂ ਦੀ ਸ਼ੁਧੀ ਦਾ ਕਾਰਨ ਹੋਕੇ ਸਾਡੀ ਅਰੋਗਯਤਾ ਦੀ ਰਖਯਾ ਦੇ ਸਹਾਈ ਹੋਣਗੇ।

ਸਦਾ ਆਪੋ ਆਪਣੀ ਬਹਾਰ ਵਿਚ ਸੁਭਾਵਕ ਸਾਰੇ ਹੀ ਫੁਲ ਪ੍ਰਫੁਲਤ ਹੁੰਦੇ ਹਨ ਪਰ ਅਨੇਕਾਂ ਅਜੇਹੇ ਭੀ ਹੁੰਦੇ ਹਨ ਜੋ ਸਦਾ ਹਰ ਦੇਸ਼ ਤੇ ਹਰ ਸਮੇਂ ਵਿਚ ਹੀ ਪ੍ਰਫੁਲਤ ਰਹਿਕੇ ਖਿੜਦੇ ਰਹਿੰਦੇ ਹਨ, ਅਰ ਹਰ ਇਕ ਪ੍ਰਾਣੀ ਉਨ੍ਹਾਂ ਦੀ ਉਦਮ ਅਨੁਸਾਰ ਕਦੇ ੨ ਸੁਭਾਵਕ ਹੀ ਪ੍ਰਾਪਤੀ ਕਰ ਸਕਦਾ ਹੈ,ਕੋਈ ਇਸ਼ਟ ਦੇਵ ਦੇ ਪੂਜਨ ਵਾਸਤੇ ਕੋਈ ਮਦ ਦੀ ਸੁਗੰਧੀ ਵਾਸਤੇ ਅਤਰ, ਕੋਈ ਅਰੋਗਯਤਾ ਦੀ ਰਾਖੀ ਵਾਸਤੇ ਅਰਕ, ਕੋਈ ਰੋਗਾਂ ਦੇ ਨਾਸ਼ ਵਾਸਤੇ ਔਖਧੀਆਂ, ਕੋਈ ਤਨ ਮਨ ਦੀ ਪ੍ਰਸੰਨਤਾ ਵਾਸਤੇ ਹਾਰ, ਸਿਹਰਾ, ਗੁਲਦਸਤੇ ਆਦਿ ਬਣਾਕੇ ਵਰਤਦਾ ਹੈ, ਸੁੰਦਰਤਾ ਵਾਸਤੇ ਵਿਲਕਦੇ ਬਾਲ ਪਰਚ ਜਾਂਦੇ ਹਨ, ਏਥੋਂ ਤਕ ਕਿ ਨੀਚ ਜੂਨ ਮੱਖੀਆਂ ਓਨਾਂ ਤੋਂ ਸ਼ਹਦ ਪ੍ਰਾਪਤ ਕਰਦੀਆਂ ਹਨ। ਸੰਸਾਰ ਵਿਚ ਫੁਲ ਕੇਹੀ ਅਚਰਜ ਵਸਤੂ ਹੈ, ਜੇਕਰ ਫੁਲ ਨਾਂ ਹੁੰਦੇ ਤਦ ਇਹ ਜਗਤ ਸਭ ਸੁੰਨ ਸਾਂਨ ਪ੍ਰਤੀਤ ਹੁੰਦਾ। ਫੁਲ ਖੁਸ਼ੀ ਅਰ ਦੁਖ ਦੋਹਾਂ ਦੇ ਵਿਚ ਮਨ ਨੂੰ ਪ੍ਰਸੰਨ ਕਰਦੇ ਹਨ, ਤੇ ਹਰ ਤਰਾਂ ਦੀ ਦੁਰਗੰਧੀ ਦਾ ਨਾਸ ਕਰਦੇ ਹਨ।

ਵਲਾਇਤ ਵਿਚ ਫੁਲ ਅਤੇ ਬ੍ਰਿਛ ਲਗਾਵਨ ਵਾਸਤੇ ਇਕ ਮੁਖ ਦਿਨ ਅਰਥਾਤ ੨੦ ਜੂਨ ਦਾ ਦਿਹਾੜਾ

ਨੀਯਤ (ਮੁਕੱਰਰ) ਹੈ, ਹਰ ਇਕ ਸਮਾਧ ਤੇ ਇਸ ਦਿਨ ਫੁਲ ਲਗਾਏ ਜਾਂਦੇ ਹਨ, ਇਸ ਦਾ ਕਾਰਨ ਇਹ ਹੈ ਕਿ ਕਿਸੇ ਜੰਗ ਵਿਚ ਬਹੁਤ ਸਾਰੇ ਸਿਪਾਹੀ ਕੁਰਬਾਨ ਹੋਏ ਸਨ ਉਨਾਂ ਦੇ ਪਿਆਰਿਆਂ ਨੇ ਇੱਛਾ ਕੀਤੀ ਕਿ ਉਨਾਂ ਦੀ ਯਾਦ ਵਾਸਤੇ ਉਨਾਂ ਦੀਆਂ ਸਮਾਧਾਂ ਤੇ ਫੁਲ ਲਗਾਏ ਜਾਵਨ, ਪਰ ਠੀਕ ਥਾਂ ਦਾ ਪਤਾ ਨਾਂ ਹੋਵਨ ਤੇ ਏਹ ਰੀਤ ਹੋ ਗਈ ਜੋ ਉਸ ਦਿਨ ਸਾਰੀਆਂ ਥਾਵਾਂ ਤੇ ਫੁਲ ਲਗਾਏ ਜਾਂਦੇ ਹਨ।

ਇਨ੍ਹਾਂ ਫੁਲਾਂ ਵਲ ਵਿਚਾਰ ਨਾਲ ਧਿਆਨ ਦੇਣ ਨਾਲ ਅਸੀ ਬਹੁਤ ਕੁਝ ਉਪਦੇਸ਼ ਧਾਰਨ ਕਰ ਸਕਦੇ ਹਾਂ, ਜਦ ਅਸੀ ਫੁਲਾਂ ਦੇ ਬੀਜ ਬੀਜਦੇ ਲਗਾਉਂਦੇ, ਅਰ ਉਨਾਂ ਨੂੰ ਜਲ ਸਿੰਜਦੇ ਹਾਂ ਤਦ ਸਾਡੇ ਮਨ ਜਰੂਰ ਕੁਝ ਸੁਚੇਤ ਹੋ ਜਾਂਦੇ ਹਨ ਅਰ ਉਸ ਕਰਤਾਰ ਦੀ ਵਲ ਧਿਆਨ ਹੋ ਜਾਂਦਾ ਹੈ ਅਤੇ ਤਰਾਂ ਤਰਾਂ ਦੇ ਵਚਿੱਤ੍ਰ ਰੰਗਾਂ ਤੇ ਸੁਗੰਧੀਆਂ ਨਾਲ ਸਾਰਾ ਤਨ ਮਨ ਪ੍ਰਫੁਲਤ ਹੋ ਜਾਂਦਾ ਹੈ!

ਪਿਆਰੇ ਪੜ੍ਹਨ ਸੁਣਨ ਵਾਲਿਓ! ਏਥੇ ਇਕ ਹੋਰ ਵਿਚਾਰ ਦੀ ਲੋੜ ਹੈ, ਆਓ ਵਿਚਾਰੀਏ ਕਿ ਮਤਾਂ ਸਾਡਾ ਜੀਵਨ ਭੀ ਤਾਂ ਫੁਲਾਂ ਦੀ ਤਰਾਂ ਕਰਤਾਰ ਵਲੋਂ ਨਹੀਂ ਰਚਿਆ ਗਿਆ? ਸਾਡੇ ਮਾਲੀ, ਪਾਲਕ, ਰਖਯਕ, ਮਾਲਕ ਸੱਚੇ ਪਿਤਾ ਸਤਿਗੁਰੂ ਜੀ ਨੇ ਸੰਸਾਰ ਭਰ ਨੂੰ ਪ੍ਰਫੁਲਤ ਕਰਨ ਤੇ ਪ੍ਰਸੰਨਤਾ ਪ੍ਰਦਾਨ ਕਰਨ ਵਾਸਤੇ ਹੀ ਤਾਂ ਸਾਨੂੰ ਨਹੀਂ ਸਾਜਿਆ ਸੀ? ਸਾਡੇ ਸਦਾ ਦੇ ਖਿੜਾਉ ਵਾਸਤੇ ਹੀ ਅੰਮ੍ਰਿਤ ਅਰ ਕੁਰਬਾਨੀਆਂ ਦਾ ਖੂਨ ਤਾਂ ਨਹੀਂ ਸਿੰਜਿਆ ਸੀ? ਅਸੀ ਉਸ ਸਾਜਨਾਂ ਸਾਜਨ ਵਾਲੇ ਦੀ

ਪ੍ਰਸੰਨਤਾ ਅਰ ਉਸਦੀ ਰਚਨਾਂ ਤੇ ਮੰਤਵਾਂ ਦੇ ਪ੍ਰਕਾਸ਼ਤ ਕਰਨ ਦਾ ਸਾਧਨ ਹੋ ਰਹੇ ਹਾਂ ? ਸਾਡੀ ਦਸ਼ਾ ਸਦਾ ਖਿੜੇ ਰਹਿਣ ਵਾਲੇ ਫੁਲ (ਪੁਸ਼ਪ) ਦੀ ਤਰਾਂ ਹੈ ਜਾਂ ਸਮੇਂ ਸਿਰ ਖਿੜਨ ਵਾਲੇ ਦੀ ਤਰਾਂ ? ਸਾਡੀ ਸੁਗੰਧੀ ਸੰਸਾਰ ਵਾਸਤੇ ਸੁਖਦਾਈ ਹੋ ਰਹੀ ਹੈ ? ਜਾਂ ਅਸੀ ਸੰਸਾਰ ਵਾਸਤੇ ਸੁਖ-ਦਾਈ ਹੋਣ ਦੇ ਸਾਧਨ ਕਰ ਰਹੇ ਹਾਂ ? ਸਾਡੇ ਖਿੜਨ ਤੇ ਪ੍ਰਫੁਲਤ ਹੋਣ ਦੇ ਬਗ਼ੀਚੇ (ਪੰਥਕ ਆਸ਼੍ਰਮ) ਭਲੀ ਪ੍ਰਕਾਰ ਸਿੰਚੇ ਜਾ ਕੇ ਪਲ ਰਹੇ ਹਨ ? ਜਾਂ ਅਸੀ ਕਿਤੇ ਸੁਗੰਧੀ ਹੀਨ ਕੇਵਲ ਦਿਖਲਾਵੇ ਮਾਤ੍ਰ ਦੇ ਕੇਸੂ ਫੁਲ, ਜਾਂ ਸਿੰਬਲ ਫੁਲ 'ਫਲ ਫਿਕੇ ਫੁਲ ਬਕਬਕੇ ਕੰਮ ਨਾਂ ਆਵਨ ਪਤ' ਦੀ ਤਰਾਂ ਤਾਂ ਨਹੀਂ ਹੋ ਰਹੇ ? ਜਾਂ ਮਤਾਂ ਕਿਸੇ ਛਾਯਾ ਹੇਠ ਦੱਬੇ ਹੋਏ ਪ੍ਰਕਾਸ਼ ਤੋਂ ਹੀਨ ਹੋਕੇ ਆਪਣੇ ਵਧਣ ਫੁਲਨ ਦੇ ਵਿਰੋਧੀ ਜਾਂ ਸੜ ਸੁਕ ਜਾਵਨ ਦੇ ਰਸਤੇ ਤਾਂ ਨਹੀਂ ਪੈ ਰਹੇ ? ਜਾਂ ਏਸ ਤੋਂ ਭੀ ਵੱਧ ਗੁਲਰ ਫਲ ਦੇ ਅੰਦਰ ਦੀ ਤਰਾਂ ਸਾਡੇ ਅੰਦਰ ਭੀ ਗੰਦ ਤੇ ਕੀੜੇ ਤਾਂ ਨਹੀਂ ਭਰੇ ਹੋਏ ?

ਪਿਆਰਿਓ ! ਅਜ ਸਾਡੇ ਖਿੜਨ ਵਾਲੇ, ਸਾਡੇ ਪਾਲਕ, ਸਾਡੇ ਸਿਰਤਾਜ, ਸਾਡੇ ਸਚੇ ਮਾਲੀ ਤਨ, ਮਨ, ਧਨ ਸਰਬੰਸ ਤਕ ਵਾਰਕੇ ਸਾਨੂੰ ਉਨਤ ਤੇ ਸੰਸਾਰ ਸੁਖਦਾਈ ਪ੍ਰਕਾਸ਼ਨ ਵਾਲੇ ਦਸਵੇਂ ਜਾਮੇਂ ਵਿਚ **ਸਚੇ ਪਿਤਾ ਸ੍ਰੀ ਗੁਰੂ ਕਲਗੀਧਰ ਜੀ ਮਹਾਰਾਜ ਜੀ ਦੇ ਅਵਤਾਰ ਧਾਰਨ ਦੇ ਦਿਨ ਦੀ ਯਾਦ ਦੀ ਬਹੁਤ ! ਬਹੁਤ !! ਵਧਾਈ !!!**

ਦਾ ਦਿਹਾੜਾ ਹੈ। ਆਓ ਅੱਜ ਦੇ ਦਿਨ ਹੀ ਰਲ ਕੇ ਬੈਠੀਏ ਤੇ ਆਪਣੇ ਰਚਨਹਾਰ ਅਰ ਪਾਲਣਹਾਰ ਦੇ ਪੂਰਨਿਆਂ ਤੇ ਤੁਰਕੇ ਉਨ੍ਹਾਂ ਦੇ ਮੰਤਵਜ ਦੀ ਪੂਰਣਤਾ ਦੇ ਵਾਸਤੇ ਯਥਾਵਿਤ ਉੱਦਮ ਕਰਦੇ ਹੋਏ ਆਪਣੇ ਥੋੜੇ ਦਿਨਾਂ ਦੇ ਬਾਕੀ ਜੀਵਨ ਨੂੰ ਇਨ੍ਹਾਂ ਫੁੱਲਾਂ ਦੀ ਤਰਾਂ ਸੰਸਾਰ ਭਰ ਨੂੰ ਆਪਣੀ ਸੁਗੰਧੀ ਨਾਲ ਆਨੰਦਤ ਕਰੀਏ ਅਰ ਇਸ ਯੋਗ ਹੋਵੀਏ ਕਿ ਸਾਡੀ ਸੁੰਦਰਤਾ, ਸਰਲਤਾ, ਸ੍ਵੱਛਤਾ ਅਰ ਸੁਗੰਧੀ ਦੇ ਖਿਚੇ ਹੋਏ ਸੰਸਾਰ ਭਰ ਦੇ ਪ੍ਰਾਣੀ ਆਪ ਤੋਂ ਆਪ ਪ੍ਰਫੁਲਤ ਹੋਵਣ ਵਾਸਤੇ ਬਿਨਾਂ ਕਹੇ ਸੁਣੇ ਸੱਦੇ ਤੇ ਢੰਡੋਰੇ ਦਿਤੇ ਦੇ ਸਾਡੀ ਵਲ ਝੁਕਨ! ਆਓ ਰਲ ਕੇ ਸਤਿਗੁਰੂ ਜੀ ਪਾਸ ਗਈਆਂ ਬਰਕਤਾਂ ਦੇ ਫਿਰ ਪ੍ਰਾਪਤ ਹੋਣ ਵਾਸਤੇ ਇਕੱਤ੍ਰ ਤੇ ਇਕ ਚਿੱਤ ਹੋਕੇ ਬੇਨਤੀਆਂ ਕਰੀਏ ਤੇ ਹਾੜੇ ਕਢੀਏ :-

ਆ ਪਿਤਾ ਪਿਆਰੇ ਕਲਗੀਵਾਰੇ ਆ ਕੇ ਦਰਸ ਦਿਖਾਲ ਦੇ।
ਹਾਂ ਭੁੱਲਕੇ ਹਾਂ ਰੁਲਗੇ ਇਕੇਰਾਂ ਫਿਰ ਗੋਦੀ ਘਾਲ ਦੇ।
ਹੈਂ ਤੂੰਹੀਓਂ ਪਾਲਕ ਤੂੰਹੀਓਂ ਮਾਲਕ ਨਾਮ ਦੇ ਹਾਂ ਤੁਧ ਦੇ।
ਆਸਰਾ ਨਾਂ ਓਟ ਕੋਈ ਭੁਲਿਆਂ ਨੂੰ ਬੁਧ ਦੇ!
ਤੈਂ ਹੋਰ ਕੀਤੇ ਹੋਰ ਬਣਗੇ ਬਰਕਤਾਂ ਭੀ ਭੁਲ ਗਏ।
ਸੀ ਤਾਂ ਸਪੁਤ੍ਰ ਆਪ ਕੀਤੇ ਹੋ ਕਪੁਤ੍ਰ ਰੁਲ ਗਏ!
ਦਿਤੀ ਸੀ ਗੁਰਮਤ ਲਈ ਮਨਮਤ ਲੋਭ ਸੇਵਾ ਥਾਂ ਲਿਆ।
ਉਪਕਾਰ ਨੂੰ ਵਿਸਾਰ ਦੂਰੇ ਸ੍ਵਾਰਥਾਂ ਨੂੰ ਫੜ ਲਿਆ।
ਵਿਰੋਧ ਲੀਤਾ ਮੈਤ੍ਰੀ ਥਾਂ ਹੁਜਤਾਂ ਹਠ ਧਾਰ ਲਏ।
ਨੇਮ ਤੇ ਪਰੇਮ ਪਾਸੋਂ ਦੂਰ ਦੂਰੇ ਜਾ ਪਏ।
ਨਾ ਆਸ ਕੋਈ ਓਟ ਕੋਈ ਬਾਝ ਤੇਰੇ ਪਿਆਰਿਆ।
ਆ ਪਾਲ ਆਪਣਾ ਬਿਰਦ ਆ ਨਾਂ ਦੇਖ ਹਾਂ ਨਿਕਾਰਿਆਂ

ਦੇ ਹੱਥ ਸਿਰ ਹੁਣ ਰੱਖ ਲੈ ਪਾ ਗੋਦ ਦੇ ਸੁਮੱਤ ਨੂੰ।
ਹਾਂ ਨਾਮ ਦੇ ਭਾਂ ਅੰਤ ਤੇਰੇ ਹਟਕਦੇ ਕੁਮੱਤ ਨੂੰ।
ਛੁਟ ਦੇ ਹੁਣ ਫੱਟ ਮੇਲੋ ਸੁਆਰਥੋਂ ਬਚਾ ਲਓ!
ਭਟਕਣਾਂ ਨੂੰ ਛਿਟਕ ਦੇਵੋ ਆਪ ਗੋਦੀ ਪਾ ਲਓ।
ਸੀ ਜਿਵੇਂ ਸਾਜੇ ਜਿਵੇਂ ਪਾਲੇ ਊਚ ਕੀਤੇ ਨੀਚ ਤੋਂ।
ਤਿਵੇਂ ਹੀ ਹੁਣ ਰੱਖ ਲੇਵੋ ਕੱਢ ਲੇਵੋ ਕੀਚ ਤੋਂ।
ਪੁਤ ਜੇ ਕਪੁਤ ਹੋਏ ਪਿਤਾ ਤਾਈਂ ਲਾਜ ਹੈ।
ਨਾਮ ਦੇ ਤਾਂ ਸਦਾ ਤੇਰੇ ਸੱਚ ਭਾਵੇਂ ਪਾਜ ਹੈ।
ਅਵਗੁਣਾਂ ਕਰ ਦੂਰ ਦੇਵਹੁ ਆਪ ਦੇਵਹੁ ਗੁਣਾਂ ਨੂੰ।
ਹੱਥ ਦੇ ਹੁਣ ਰੱਖ ਲੇਵਹੁ ਵਿਸਰ ਹਾਂ ਅਵਗੁਣਾਂ ਨੂੰ।
ਰੱਖ ਲੈ! ਹੁਣ ਰੱਖ ਲੈ!! ਹੁਣ ਰੱਖ ਲੈ!!! ਤੂੰ ਪਿਆਰਿਆ।
ਸ਼ਰਨ ਲਾ ਲੈ ਬਿਰਦ ਵਲੋਂ ਅਸੀ ਹਾਂ ਨਿਕਾਰਿਆਂ॥

—o—

## ਸੱਜਣਾਂ ਮਿਤ੍ਰਾਂ ਦੀ ਭੇਟਾ ਕਰਨ ਵਾਸਤੇ ਗੁਰਪੁਰਬ ਦੀਆਂ ਹੋਰ ਸੁਗਾਤਾਂ!

——

## ਕ੍ਰਿਪਾਲੂ ਗੁਰਨਮੈਂਟ ਵਲੋਂ ਸਨਮਾਨ

ਸਹਿਤ ਦੋ ਸੌ ਰੁਪਏ ਦਾ ਇਨਾਮ ਇਨ੍ਹਾਂਹੀ ੧੯੧੨ ਵਿਚ ਛਪੀਆਂ ਪੁਸਤਕਾਂ ਨਾਲ ਮਿਲਿਆ ਹੈ, ਇਨ੍ਹਾਂ ਵਿਚੋਂ ਹੀ ਛੇਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੇ ਪਰਧਾਨ ਜੀ ਦੀ ਭੇਟਾ ਕੀਤੀਆਂ ਗਈਆਂ ਸਨ। ਸੋ ਪਾਠਕ ਜੀ! ਤੁਸੀ ਭੀ ਹੇਠ ਲਿਖੇ ਪੁਸਤਕ ਤਨ, ਮਨ, ਧਨ, ਆਤਮਾ ਪ੍ਰਵਾਰ, ਸੰਬੰਧੀਆਂ ਅਤੇ ਸਜਣਾਂ ਮਿਤ੍ਰਾਂ ਦੇ ਹਿਤ ਵਾਸਤੇ ਜੋ ਪੜ੍ਹਨ ਸੁਣਨ ਯੋਗ ਅਤੀ ਉੱਤਮ ਹਨ

ਜ਼ਰੂਰ ਨਮੂਨਾ ਮਾਤ੍ਰ ਮੰਗਵਾਓ, ਏਨ੍ਹਾਂ ਪੁਸਤਕਾਂ ਦੀ ਉੱਤਮਤਾ ਇਨ੍ਹਾਂ ਦੇ ਲੇਖਕ ਤੇ ਪ੍ਰਕਾਸ਼ਕ ਦੇ ਨਾਮ ਤੋਂ ਹੀ ਪ੍ਰਤੀਤ ਹੋ ਸਕਦੀ ਹੈ,ਜੋ ਪੰਜਾਬੀ ਦੇ ਪ੍ਰਸਿੱਧ ਸੇਵਕ ਭਾਈ ਮੋਹਨਸਿੰਘ ਵੈਦ ਐਡੀਟਰ ਦੁਖ ਨਿਵਾਰਨ ਹਨ। ਮਤਲਬ ਹਰ ਇਕ ਦੇ ਨਾਮ ਤੋਂ ਹੀ ਪਤਾ ਲੱਗ ਜਾਂਦਾ ਹੈ:-

(੧) ਆਤਮ ਸੁਧਾਰ ।-), (੨) ਸੁਖੀ ਜੀਵਨ ਦੇ ਗੁਰ ।), (੩) ਸ੍ਰੇਸ਼ਟ ਕੁਲਾਂ ਦੀ ਚਾਲ ॥), (੪) ਵਪਾਰ ਸਿਖ੍ਯਾ ।-), (੫) ਆਤਮ ਵਿਦ੍ਯਾ ਦੇ ਗੁਰ ।), (੬) ਸੰਦੂਕ ਦਾ ਮੁਰਦਾ ≡), (੭) ਭੁਲ ਭੁਲੱਯਾਂ ਨਾਟਕ -) (੮) ਮਿੱਟੀ ਨਾਲ ਰੋਗਾਂ ਦੇ ਇਲਾਜ =), (੯) ਇਸਤ੍ਰੀ ਧਰਮ ਸਿਮ੍ਰਤੀ ਸਾਰ =).(੧੦)ਮੁਲਾਕਾਤ ਦਰਪਨ ≡), (੧੧) ਗਹਿਣਾ ਮੰਗਣ ਦੇ ਔਗੁਣ )।॥, (੧੨) ਅਨੇਕ ਗਿਆਨ ਦਰਪਨ )॥, (੧੩) ਸੁਸ਼ੀਲਾ ਨੂੰਹ ।), (੧੪) ਕਾਮੇਂਦ੍ਰ ਕੌਰ ≡),(੧੫)ਸੁਖਮਾਰਗ ਪ੍ਰਕਾਸ਼ ।=), (੧੬) ਸੁਭਾਗ ਕੌਰ ।), (੧੭) ਉਪਦੇਸ਼ ਦਰਪਨ ।-), (੧੮) ਸ਼ੇਰ ਬਹਾਦਰ ਸ਼ੇਰ ਸਿੰਘ ≡), (੧੯) ਕਮਾਈ ਦੀ ਬਰਕਤ ।), (੨੦) ਅਧਾਨ ਦੇ ਦਿਨ ਤੇ ਸੰਤਾਨ ਸਿਖ੍ਯਾ ।), (੨੧) ਇਲਾਜ ਖੇਦੁਆ ॥), (੨੨) ਸੱਪ ਦੀ ਜ਼ਹਰ ਦੇ ਸਿੱਧ ਇਲਾਜ -), (੨੩) ਅਰੋਗਤਾ ਪ੍ਰਕਾਸ਼ =), (੨੪) ਭੁਚਾਲ ਤੇ ਜਗਲਾਂ ਤੋਂ ਲਾਭ -), (੨੫) ਗਊ ਪਦਾਰਥ ਗੁਣ ਸੰਗ੍ਰਹ =), (੨੬)ਜਵਾਨ ਪ੍ਰਸੂਤਾ ਮਾਤਾ ਪ੍ਰਬੋਧ ॥), (੨੭) ਬੇਕਨ ਵਿਚਾਰ ਰਤਨਾਵਲੀ ॥),(੨੮) ਇਕਸਿੱਖ ਘਰਾਣਾ॥) (੨੯)ਸੰਛੇਪ ਸੰਪਤੀ ਸ਼ਾਸਤ੍ਰ ।=), (੩੦) ਮਹਾਂ ਮਾਰੀ ਅਮਲ ।-)

ਸ੍ਰੀ ਗੁਰੂ ਕਲਗੀਧਰ ਮਹਾਰਾਜ ਜੀ ਦੇ ਅਵਤਾਰ ਦਿਨ ਗੁਰ ਸਪਤਮੀ ਦੀ ਯਾਦ ਵਿਚ

[੩੧ ਜਨਵਰੀ ੧੯੧੪ਤਕ]

ਉੱਪਰ ਲਿਖੀਆਂ ਪੁਸਤਕਾਂ ਦਾ ਸਾਰਾ ਸੈਟ ੩੦ ਪੁਸਤਕਾਂ ਖਰੀਦਨ ਵਾਲੇ ਸਜਣ ਨੂੰ ੭॥)। ਦੀ ਥਾਂ ੪) ਵਿਚ ਸਾਰੀਆਂ ਪੁਸਤਕਾਂ ਦਿਤੀਆਂ ਜਾਣਗੀਆਂ। ਹੋਰ

ਅੰਤ ਦੀ ਰਿਆਇਤ

ਫੁਟਕਲ ਪੁਸਤਕਾਂ ਵਾਸਤੇ ਇਹ ਦਿੱਤੀ ਜਾਵੇਗੀ ਕਿ ਜੋ ਸਜਣ ਸਾਰਾ ਸੈਟ ਨਾਂ ਖਰੀਦਣਾ ਚਾਹੁਣ ਓਹਨਾਂ ਨੂੰ ੧) ਇਕ ਰੁਪਏ ਦੇ ੫੦੦ ਪੰਜ ਸੌ ਸਫੇ ਦਿੱਤੇ ਜਾਵਣਗੇ, ਕੀਮਤ ਨਕਦ ਪੇਸ਼ਗੀ ਜਾਂ ਵੀ. ਪੀ. ਦਵਾਰਾ, ਡਾਕ ਖਰਚ ਸਭ ਤਰਾਂ ਗਾਹਕਾਂ ਦੇ ਜ਼ਿੰਮੇ ਹੋਵੇਗਾ, ਅਜੇਹਾ ਮੌਕਾ ਫੇਰ ਸ਼ਾਇਦ ਹੀ ਹੱਥ ਆਵੇਗਾ।

ਸਤੇ ਵਿਚਾਰ

ਹਨ ਕਿ ਪੰਜਾਬੀ ਬੋਲੀ ਤੇ ਗੁਰਮੁਖੀ ਅੱਖਰਾਂ ਵਿਚ ਹਜ਼ਾਰਾਂ ਹੀ ਪੁਸਤਕਾਂ ਸੁੰਦਰ ਅਤੀ ਉੱਤਮ ਤੇ ਸਭ ਤਰਾਂ ਦੀ ਲੋੜਦੀਆਂ ਨਵੀਆਂ ਪ੍ਰਕਾਸ਼ਤ ਕੀਤੀਆਂ ਜਾਵਣ, ਸੋ ਪਹਲੀਆਂ ਵਿਕ ਜਾਵਣ ਪਰ ਹੀ ਹੋਰ ਛਪ ਸਕਦੀਆਂ ਹਨ, ਇਸੇ ਤੇ ਅਸੀ ਵਧ ਤੋਂ ਵਧ ਰਿਆਇਤ ਦੇਣ ਵਾਸਤੇ ਤਿਆਰ ਹਾਂ, ਪੰਜਾਬੀ ਦੇ ਹਿਤਕਾਰੀ ਉਦਮ ਕਰਨ ਤਦ ਪੰਜਾਬੀ ਦਾ ਭੰਡਾਰ ਬਹੁਤ ਕੁਝ ਪੂਰਣ ਹੋ ਸਕਦਾ ਹੈ ਪਤਾ—ਭਰਾ ਸੰਤ ਸਿੰਘ, ਮੈਨੇਜਰ

**ਸ੍ਵਦੇਸ਼ ਭਾਸ਼ਾ ਪ੍ਰਚਾਰਕ ਏਜੰਸੀ,**

**ਤਰਨ ਤਾਰਨ (ਪੰਜਾਬ)**

ਪੁਸਤਕ 'ਸਟੈ ਪੱਗ ਸਟੋਨ ਟੂ ਹੋਮਿਓ ਪੈਥੀ ਐਂਡ ਹੈਲਥ' ਵਿਚ ਇਸਤਰਾਂ ਲਿਖਦੇ ਹਨ:–

"ਤੰਬਾਕੂ ਹਰ ਇਕ ਹਾਲਤ ਵਿਚ ਬਹੁਤ ਅਮਲ ਵਾਲੀ ਚੀਜ਼ ਹੈ, ਤੰਬਾਕੂ ਪੀਣਾ ਪਿਆਸ ਲਗੌਂਦਾ ਹੈ, ਭੁਖ ਬੰਦ ਕਰਦਾ ਹੈ, ਗੁਸੇ ਨੂੰ ਵਧੌਂਦਾ ਹੈ, ਚੇਹਰੇ ਦੀ ਸ਼ੋਭਾ ਨਸ਼ਟ ਕਰ ਦਿੰਦਾ ਹੈ ਅਤੇ ਕੁਦਰਤ ਹਾਜ਼ਮੇ ਦੀ ਸਤਜਾ ਪੁਟ ਦੇਂਦਾ ਹੈ, ਤੰਬਾਕੂ ਮੂੰਹ ਥਾਣੀ ਕਢ ਲਿਆਂਉਂਦਾ ਹੈ ਜਿਸ ਕਰਕੇ ਕਲੇਰਨ ਕਢ ਅਰਥਾਤ ਗਜ਼ਾ ਨੂੰ ਨਰਮ ਕਰਕੇ ਪਚਨ ਯੋਗ ਕਰਨ ਵਾਲੀ ਤਾਕਤ ਨਸ਼ਟ ਹੋ ਜਾਂਦੀ ਹੈ ਅਤੇ ਇਸ ਕਰਕੇ ਨਜ਼ਲਾ ਬਹੁਤ ਹੋ ਜਾਂਦਾ ਹੈ, ਜੇਹੜੇ ਪਹਲੀ ਉਮਰ ਵਿੱਚ ਤੰਬਾਕੂ ਪੀਂਦੇ ਹਨ ਉਨਾਂ ਦਾ ਲਹੂ ਖਰਾਬ ਹੋ ਜਾਂਦਾ ਹੈ, ਚਮੜਾ ਪਿੱਲਾ ਹੋ ਜਾਂਦਾ ਹੈ, ਤੰਬਾਕੂ ਸ੍ਰੀਰਕ ਬਲ ਨੂੰ ਨਸ਼ਟ ਕਰ ਦਿੰਦਾ ਅਰਥਾਤ ਨਮਰਦ ਬਨਾ ਦਿੰਦਾ ਹੈ। ਤੰਬਾਕੂ ਦੇ ਨੁਕਸਾਨ ਪੀਣ ਵਾਲੇ ਨੂੰ ਹੀ ਨਹੀਂ ਹੁੰਦੇ ਸਗੋਂ ਉਸਦੀ ਸੰਤਾਨ ਨੂੰ ਭੀ ਬਹੁਤੇ ਹੁੰਦੇ ਹਨ "ਜੇਹੀ ਕੋਕੋ ਤੇਹੇ ਬੱਚੇ" ਤੰਬਾਕੂ ਨਾੜਾਂ ਦੀ ਤਾਕਤ ਨੂੰ ਪੁਟ ਸੁਟਦਾ ਹੈ, ਇਤ ਆਦਿਕ ਬਹੁਤੇ ਔਗੁਣ ਲਿਖੇ ਹਨ।

ਪ੍ਰਸਿੱਧ ਸਿੱਖ ਇਤਿਹਾਸ ਸੂਰਜ ਪ੍ਰਕਾਸ਼ ਵਿੱਚ ਲਿਖਿਆ ਹੈ ਕਿ:—

ਭਨਕ ਤਮਾਕੂ ਸੇਵੀਏ ਦੇਵ ਪਿਤਰ ਤਜ ਜਾਂਇ।
ਪਾਨੀ ਤਾਂਕੇ ਹਾਥ ਕਾ ਮਦਰਾ ਸਮ ਅਘਦਾਇ॥

—:o:—

(੨) ਲੰਡਨ ਦਾ 'ਬ੍ਰਿਟਸ਼ ਮੈਡੀਕਲ ਲਿਖਦਾ ਹੈ "ਤੰਬਾਕੂ ਸਿਰਫ ਜਿਸਮ ਨੂੰ ਹੀ

ਨਹੀਂ ਪਹੁੰਚਾਂਵਦਾ ਬਲਕਿ ਵਿਦਿਆਰਥੀਆਂ ਦੇ ਦਿਮਾਗ ਦੀ ਤਰੱਕੀ ਨੂੰ ਵੀ ਰੋਕਦਾ ਹੈ"।

(੨) ਅਮਰੀਕਾ ਦੀਆਂ ਸਾਰੀਆਂ "ਯੂਨੀ ਵਰ-ਸਟੀਆਂ ਨੇ" ਕਾਲਜ ਦੇ ਵਿਦਿਆਰਥੀਆਂ ਨੂੰ ਤੰਬਾਕੂ ਪੀਵਨ ਤੋਂ ਮਨਹਾਂ ਕਰਨ ਦੀ ਕੋਸ਼ਸ਼ ਕੀਤੀ ਹੈ।

(੩) ਬੋਸਟਨ 'ਯੂਨੀਵਰਸਟੀ' ਨੇ ਹੁਕਮ ਜਾਰੀ ਕੀਤਾ ਹੈ ਕਿ ਜੇਹੜੇ ਵਿਦਿਆਰਥੀ ਤੰਬਾਕੂ ਪੀਵਨ ਤੋਂ ਹਟ ਨਹੀਂ ਸਕਦੇ ਉਨ੍ਹਾਂ ਦੇ ਨਾਮ ਕਾਲਜ ਵਿਚੋਂ ਕੱਟ ਦੇਣੇਂ ਚਾਹੀਦੇ ਹਨ।

(੪) ਮੇਉ ਯੂਨੀ ਵਰਸਟੀ ਅਤੇ ਹੋਰ ਦੂਜੀਆਂ ਯੂਨੀ ਵਰਸਟੀਆਂ ਨੇ ਭੀ ਏਹ ਨਿਯਮ (ਕਾਨੂੰਨ) ਜਾਰੀ ਕਰ ਦਿਤਾ ਹੈ।

(੫) ਸੰਨ ੧੯੯੧ ਈਸਵੀ ਵਿਚ ਇਕ ਸਰਕਾਰੀ ਡਾਕਟਰ ਨੇ ਬੜੀ 'ਭਾਲ' ਤਹਕੀਕਾਤ ਦੇ ਨਾਲ ਨਕਸ਼ੇ ਤਿਆਰ ਕੀਤੇ ਸਨ ਕਿ ੧੪੭ ਅੰਡ੍ਰ ਗ੍ਰੇਜੂਏਟ ਵਿਦਿਆ-ਰਥੀਆਂ ਵਿਚੋਂ ੭੭ ਐਸੇ ਸਨ ਜੋ ਤੰਬਾਕੂ ਨਹੀਂ ਸਨ ਪੀਂਦੇ ਅਤੇ ੭੦ ਪੀਂਦੇ ਸਨ, ਪਹਲੇ ਆਪਣੇ ਦੂਜੇ ਸਾਥੀਆਂ ਕੋਲੋਂ ਚਾਰ ਬਰਸ ਦੇ ਅੰਦਰ ਹਰਇਕ ਗੱਲ ਵਿਚ ਵਧ ਗਏ ਸਨ, ਦਸ ਸੈਂਕੜਾ ਭਾਰ ਵਿੱਚ, ਚੌਦਾਂ ਸੈਂਕੜਾ ਲੰਬਾਈਵਿਚ ਛੱਬੀ ਸੈਂਕੜਾ ਛਾਤੀ ਦੀ ਚੌੜਾਈ ਵਿਚ, ਅਤੇ ਅਠੱਤਰ ਸੈਂਕੜਾ ਫਿਫੜਿਆਂ ਦੀ ਤਾਕਤ ਵਿਚ ਵਧ ਗਏ ਸਨ, ਸਿਵਾਇ ਏਹਨਾਂ ਗੱਲਾਂ ਦੇ ਇਕ ਪ੍ਰੋਫੈਸਰ ਕਾਲਜ ਨੇ ਲਿਆਕਤ ਦੇ ਬਮੂਜਬ ਆਪਣੇ ·ਰਥੀਆਂ ਨੂੰ ਚਾਰ ਹਿਸਿਆਂ ਵਿਚ ਵੰਡਿਆ ਹੈ, ·· ਲੱਗਾ ਕਿ ਜੇਹੜੇ ਵਿਦਿਆਰਥੀ ਅੱਵਲ

ਦਰਜੇ ਦੇ ਸਨ ਉਹਨਾਂ ਵਿਚੋਂ ਕੋਈ ਭੀ ਤੰਬਾਕੂ ਨਹੀਂ ਪੀਂਦਾ ਸੀ, ਜੇਹੜੇ ਸਾਰਿਆਂ ਤੋਂ ਹੇਠਲੇ ਦਰਜੇ ਵਿਚ ਸਨ ਉਹ ਸਾਰੇ ਹੀ ਤੰਬਾਕੂ ਪੀਂਦੇ ਸਨ।

ਏਨਾਂ ਗੱਲਾਂ ਤੋਂ ਏਹ ਪਤਾ ਲੱਗਾ ਕਿ ਤੰਬਾਕੂ ਦਾ ਪੀਣਾਂ ਤੰਦਰੁਸਤੀ ਵਾਸਤੇ ਬੜਾ ਹੀ ਔਗਣ ਕਰਨ ਵਾਲਾਹੈ,ਏਸ ਗੱਲ ਵਿਚ ਕੋਈ ਭੀ ਤੰਬਾਕੂ ਪੀਂਣ ਵਾਲਾ 'ਸ਼ੁਬਹਾ' ਨਹੀਂ ਕਰਦਾ ਕਿ ਤੰਬਾਕੂ ਪੀਂਣ ਨਾਲੋਂ ਨਾਂ ਪੀਣਾਂ ਚੰਗਾ ਹੈ। ਕਈ ੨ ਵਿਚੋਂ ਏਹ ਆਖਦੇ ਹਨ ਕਿ ਜਦ "ਹੈਕਸਲੀ" ਜੇਹੇ ਆਦਮੀ ਸਵੇਰ ਤੋਂ ਲੇਕੇ ਰਾਤ ਤਾਈਂ ਤੰਬਾਕੂ ਪੀਂਦੇ ਰਹਿੰਦੇ ਸਨ ਤਾਂ ਸਾਨੂੰ ਕੀ ਡਰ ਹੈ, ਪਰ ਜੇ ਵਿਚਾਰਿਆ ਜਾਵੇ ਤਦ ਉਹ ਏਸਤੋਂ ਭੀ ਲਾਯਕ ਹੁੰਦੇ ਜੇਕਰ ਤੰਬਾਕੂ ਨਾਂ ਪੀਂਦੇ ਹੁੰਦੇ, ਵਲੈਤ ਵਿਚ ਬਹੁਤਿਆਂ ਨੂੰ ਚੁਰਟ ਪੀਂਦੇ ਦੇਖ ਕੇ "ਡਾਕਟਰ ਨਿਕਲਸਨ ਐਮ. ਡੀ. ਨੇ ੨੯ ਲੜਕੇ ਨੌਂ ਵਰਿਹਾਂ ਤਾਈਂ ਜਮਾਂ ਕੀਤੇ, ਜਦ ਉਹਨਾਂ ਦੀ ਤੰਦਰੁਸਤੀ ਨੂੰ ਦੇਖਿਆ ਤਦ ਉਹਨਾਂ ਅਠਾਈਆਂ ਨੂੰ ਚੁਰਟ ਨੇ ਏਨਾਂ ਨੁਕਸਾਨ ਕੀਤਾ ਸੀ ਕਿ ੨੨ ਦੇ ਹਾਜ਼ਮੇ ਖਰਾਬ ਹੋਗਏ, ਛਾਤੀ ਵਿਚ ਧੜਕਾ ਹੋ ਗਿਆ, ਦਸਾਂ ਦੀ ਨੀਂਦ ਘੱਟ ਹੋ ਗਈ। ਡਾਕਟਰ ਸਾਹਿਬ ਫਰਮਾਂਵਦੇ ਹਨ ਕਿ ਤੰਬਾਕੂ ਦਾ ਪੀਵਨਾ ਸਿਹਤ ਵਾਸਤੇ ਬੜਾ ਹੀ ਮਾੜਾ ਹੈ॥"

ਏਹ(ਤੰਬਾਕੂ)ਸੰਕੁਚ ਕੇ ਖਰਚ ਕਰਨ ਦੀ ਵਾਦੀ ਅਤੇ ਸਫਾਈ ਦਾ ਦੁਸ਼ਮਨ ਹੈ, ਸਵਾਸ ਨੂੰ ਹਮੇਸ਼ਾਂ ਲਈ ਬਦਬੂ ਦਾਰ ਕਰ ਦੇਂਦਾ ਹੈ,ਹਾਜ਼ਮੇਂ ਨੂੰ ਵਿਗਾੜ ਦੇਂਦਾ ਹੈ,ਦੇਹ ਨੂੰ ਖਰਾਬ ਕਰ ਦੇਂਦਾ ਹੈ (ਉਮਰ ਨੂੰ ਘਟਾਂਦਾ ਹੈ) ਮਨੁੱਖ ਚੁਰਟ ਪੀਣ ਨੂੰ ਪਸੰਦ ਕਰਦੇ ਹਨ ਓ

ਗੱਲ ਨੂੰ ਚੰਗੀ ਤਰਾਂ ਪੜ੍ਹਨ "ਅਮਰੀਕਾ ਦਾ ਇਕ ਡਾਕ-ਟਰ ਲਿਖਦਾ ਹੈ ਕਿ ਚੁਰਟ ਵਿਚ ਪੰਜ ਚੀਜ਼ਾਂ ਹੁੰਦੀਆਂ ਹਨ ਜੋ ਆਦਮੀ ਨੂੰ ਮਾਰ ਦੇਣ ਵਾਲੀਆਂ ਹਨ:–

ਪਹਿਲੇ ਤੰਬਾਕੂ ਦਾ ਤੇਲ, ਦੂਜੇ ਉਸ ਕਾਗਜ਼ ਦਾ ਅਰਕ ਜੇਹੜਾ ਉਸਤੇ ਲਪੇਟਿਆ ਹੋਇਆ ਹੁੰਦਾ ਹੈ, ਤੀਜਾ ਸੰਖੀਆ ਜੋ ਇਸ ਵਾਸਤੇ ਪਾਇਆ ਜਾਂਦਾ ਹੈ ਕਿ ਧੂੰਆਂ ਸਫੈਦ ਨਿਕਲੇ। ਚੌਥਾ ਸ਼ੋਰਾ ਜੋ ਤੰਬਾਕੂ ਨੂੰ ਡਿੱਗਨ ਤੋਂ ਬਚੌਂਦਾ ਹੈ। ਪੰਜਵੇਂ ਅਫ਼ੀਮ ਜੋ ਇਸ ਵਾਸਤੇ ਹੁੰਦੀ ਹੈ ਕਿ ਤੰਬਾਕੂ ਪੀਂਦਿਆਂ ਹੀ ਅਸਰ ਦਿਮਾਗ਼ ਵਿਚ ਪਹੁੰਚ ਜਾਵੇ"

ਕੀ ਹੁਣ ਭੀ ਇਸ ਗੱਲ ਵਿਚ ਕੁਛ ਸ਼ੱਕ ਹੈ ਕਿ ਇਸਦਾ ਪੀਣਾ ਸਿਹਤ ਵਾਸਤੇ ਬੜਾ ਹੀ ਮਾੜਾ ਹੈ। ਤੰਬਾਕੂ ਉਤੇ ਇੰਗਲੈਂਡ ਦੇ ਮਸ਼ਹੂਰ ਡਾਕਟਰ ਸਰ. ਪੀ. ਡਬ-ਲਯੂ, ਰਿਚਰਡਸਨ ਦੀ ਏਹ ਸੰਮਤੀ (ਰਾਯ) ਹੈ ਕਿ ਤੰਬਾਕੂ ਦਾ ਪੀਣਾ ਤੰਨਦਰੁਸਤੀ ਵਾਸਤੇ ਬੜਾ ਹੀ ਮਾੜਾ ਹੈ (ਹੋਰ ਇਸਦੇ ਔਗਣ ਪਹਲੇ ਲਿਖੇ ਜਾ ਚੁਕੇ ਹਨ)॥੬॥

ਬੰਬਈ ਦੇ ਪ੍ਰਸਿੱਧ "ਸ੍ਰੀਵੇਂਕਟੇਸ੍ਵਰ ਸਮਾਚਾਰ" ੬ ਸਿਤੰਬ੍ਰ ਸਨ ੧੯੦੧ ਦੇ ਪਰਚੇ ਵਿੱਚ ਲਿਖਿਆ ਹੈ ਕਿ "ਹਿੰਦੋਸਤਾਂਨ" ਨੇ ਲਿਖਿਆ ਹੈ ਕਿ 'ਮਿਸਮੋਂ ਕੇਚੀ' ਮੈਂਟਲੌਂਨ ਮੇਂ ਰਹਿਤੀ ਹੈ ਉਸਨੇ ਰੀਡ ਨਾਮਕ ਮਨੁਖ੍ਯ ਪਰ ਅਨੋਖਾ ਅਪ੍ਰਾਧ ਲਗਾਯਾ ਹੈ, ਉਸਨੇ ਕਹਾ ਹੈ ਕਿ ਮੈਂ ਅਪਨੇ ਘਰ ਮੇਂ ਰੀਡ ਕੇ ਸਾਥ ਨਾਚ ਰਹੀ ਥੀ। ਜਬ ਬਾਜਾ ਬਜਨਾ ਬੰਦ ਹੋਗਿਆ ਤੋ ਰੀਡ ਨੇ ਮੈ ਅਪਨੀ ਛਾਤੀ ਕੇ ਸਮੀਪ ਖੈਂਚ ਕਰ ਮੇਰੇ ਹੋਠੋਂ ਕਾ ...ਰ ਲੀਆ, ਰੀਡ ਕੇ ਹੋਠ ਤਮਾਕੂ ਮੇਂ ਰੰਗੇ ਹੂਏ ...ਰੇ ਹੋਠ ਪਰ ਏਕ ਘਾਵ (ਜ਼ਖਮ) ਥਾ, ਬਸ

ਉਸਕੇ ਹੋਠਸੇ ਰੋਗਕੇ ਕੀੜੇ ਮੇਰੇ ਘਾਵ ਮੇਂ ਘੁਸ ਗਏ, ਮੇਰਾ ਹੋਠ ਸੂਜ ਆਯਾ ਔਰ ਇਸੀ ਕਾਰਣ ਮੇਰੇ ਰਕਤ ਮੇਂ ਵਿਖ ਫੈਲ ਗਇਆ, ਅਭਿਯੋਗ (ਮੁਕਦਮਾ) ਨਿਯਾਯਾਲਯ (ਅਦਾਲਤ) ਮੇਂ ਹੈ॥ ੭ ॥

ਪਿਆਰੇ ਪਾਠਕ ! ਇਸ ਪਰਕਾਰ ਬੀਮਾਰੀਆਂ ਵਿਚ ਤੰਬਾਕੂ ਖੋਟਾ ਅਸਰ ਕਰਦਾ ਹੈ "ਸਨਾਤਨ ਧਰਮ ਪਤ੍ਰਕਾ ਮੁਰਾਦਾਬਾਦ ਜਿ: ੪ ਨੰ: ੬ ਵਿਚ ਲਿਖਿਆ ਹੈ ਕਿ "ਇਕ ਪੌਂਡ ਤਮਾਕੂ ਮੇਂ ੩੮੦ ਗ੍ਰੇਨ ਵਿਖ ਹੋਤਾ ਹੈ। ਗ੍ਰੇਨ ਕਾ ਦਸਵਾਂ ਹਿਸਾ ਕੁਤੇ ਕੋ ੧੦ ਮਿਨਟ ਮੇਂ ਮਾਰ ਸਕਤਾ ਹੈ, ਇਕ ਪੌਂਡ ਮੇਂ ਜਿਤਨਾ ਵਿਖ ਹੋਤਾ ਹੈ ਵੁਹ ੩੦੦ ਆਦਮੀਓਂ ਕੇ ਮਾਰਨੇ ਕੋ ਕਾਫੀ ਹੈ ॥ ੮॥

ਸਾਡੇ ਇੱਕ ਮਿੱਤ੍ਰ ਠਾਣੇਦਾਰ ਸਾਹਿਬ (ਜੋ ਪਹਿਲੇ ਹੁੱਕਾ ਪੀਂਦੇ ਹੁੰਦੇ ਸੀ) ਦੱਸਦੇ ਸਨ ਕਿ ਇੱਕ ਦਿਨ ਕੋਈ ਆਦਮੀ ਮੇਰਾ ਹੁੱਕਾ ਪੀਣ ਲਗਿਆ (ਜਿਸ ਨੂੰ ਹੁੱਕੇ ਹੀ ਦੀ ਕਿਰਪਾ ਨਾਲ ਦਮੇਂ ਦੀ ਬੀਮਾਰੀ ਸੀ) ਜਦ ਉਹ ਪੀ ਕਰਕੇ ਚਲਾ ਗਿਆ ਤਾਂ ਉਸਤੋਂ ਪਿੱਛੇ ਮੈਂ ਭੀ ਪੀਂਵਨ ਲੱਗਾ ਤਾਂ ਨੜੀ ਦੇ ਵਿਚੋਂ ਇੱਕ ਖੰਘਾਰ ਮੇਰੇ ਮੂੰਹ ਵਿੱਚ ਆ ਗਿਆ ਜਿਸਤੇ ਮੇਰੀ ਤਬੀਅਤ ਬੜੀ ਹੀ ਖਰਾਬ ਹੋਈ, ਤਦ ਤੋਂ ਅੱਠ ਬਰਸ ਹੋਏ ਹਨ ਮੈਂ ਕਦੀ ਹੁੱਕਾ ਨਹੀਂ ਪੀਤਾ ॥ ੯ ॥

ਏਹ ਐਸਾ ਬੁਰਾ ਹੈ ਕਿ ਇਸਤੋਂ ਵੱਧ ਹੋਰ ਕੋਈ ਜਗਤ ਜੂਠ ਨਹੀਂ ਹੈ॥

ਪਿਆਰੇ ਪਾਠਕ ਜੀ ! ਅਜੇਹੀਆਂ ਸੰਮਤੀਆਂ ਹੋਰ ਭੀ ਵਿਦ੍ਵਾਨਾਂ ਬੁੱਧੀਮਾਨਾਂ ਦੀਆਂ ਹਨ, ਜਿਨ੍ਹਾਂ ਦਾ ਬਹੁਤ ਲਿਖਣਾਂ ਭੀ ਅਕੇਵੇਂ ਦਾ ਕਾਰਨ ਪ੍ਰਤੀਤ ਹੁੰਦਾ

ਹੈ, ਕਿਉਂਕਿ ਸਮਝਨ ਵਾਲਾ ਥੋੜੇ ਵਿਚ ਹੀ ਸਮਝ ਲੈਂਦਾ ਹੈ, ਅਤੇ ਪੱਥਰ ਹ੍ਰਿਦਯ ਮੂਰਖਾਂ ਦੇ ਵਾਸਤੇ ਬਹੁਤਾ ਭੀ ਕਿਸੇ ਕੰਮ ਨਹੀਂ, ਸੋ ਆਪਦਾ ਪਰਮ ਧਰਮ ਇਸ ਪੁਸਤਕ ਦਾ ਪਾਠ ਕਰਨ ਤੇ ਪਿੱਛੇ ਏਹ ਹੈ ਕਿ ਜੇ ਕਰ ਆਪ ਐਸੀ ਕਿਸੇ ਖਰਾਬੀ ਵਿਚ ਹੋ ਤਦ ਉਸਨੂੰ ਛੱਡ ਦੇਵੋ, ਜੇ ਨਹੀਂ ਤਾਂ ਜਿਥੋਂ ਤਕ ਹੋਵੇ ਏਹ ਤੰਬਾਕੂ ਦੀ ਖਰਾਬੀਆਂ ਲੋਕਾਂ ਨੂੰ ਦਸਕੇ ਏਸ ਭ੍ਰਸ਼ਟਾਚਾਰ ਨੂੰ ਦੇਸ਼ ਤੋਂ ਦੂਰ ਕਰਨ ਦਾ ਯਤਨ ਕਰੋ, ਪਰੋਪਕਾਰ ਕਰਨਾ ਸਾਰੇ ਪ੍ਰਾਣੀ ਮਾਤ੍ਰ ਦਾ ਧਰਮ ਹੈ, ਸੋ ਏਹ ਇਕ ਵੱਡਾ ਪਰੋਪਕਾਰ ਹੈ, ਮਨੁਖਾਂ ਨੂੰ ਖਰਾਬੀਆਂ ਤੋਂ ਬਚਾਵਣ ਵਾਲਾ ਤੇ ਤੰਦਰੁਸਤੀ ਨੂੰ ਬਖਸ਼ਨ ਵਾਲਾ ਹੈ।

ਮੈਂ ਹੁਣ ਇਸ ਪੁਸਤਕ ਨੂੰ ਏਥੇ ਹੀ ਸੰਪੂਰਨ ਕਰਦਾ ਹਾਂ ਅਤੇ ਸਨਿੰਮ੍ਰ ਬੇਨਤੀ ਕਰਦਾ ਹਾਂ ਕਿ ਜਿਥੇ ਕਿਥੇ ਦਾਸ ਦੀ ਭੁੱਲ ਹੋਵੇ ਸੋ ਖਿਮਾਂ ਕਰਨਾ, ਅਤੇ ਦਾਸ ਨੂੰ ੧ ਕਾਰਡ ਦ੍ਵਾਰਾ ਪਰਗਟ ਕਰ ਦੇਵਨਾ ਜਿਸ ਤੇ ਅਗੋਂ ਵਾਸਤੇ ਸੁਧਾਰ ਕੀਤਾ ਜਾਵੇ ਅਤੇ ਜਿਨ੍ਹਾਂ ਸੱਜਣਾਂ ਨੂੰ ਕੋਈ ਸਬੂਤ ਇਸ ਭ੍ਰਸ਼ਟਾਚਾਰ ਦੇ ਖੰਡਨ ਦਾ ਮਿਲੇ ਸੋ ਦਾਸ ਨੂੰ ਪਤਾ ਦੇਵਨ ਜਿਸ ਤੋਂ ਪੰਜਵੀਂ ਵਾਰ ਇਸੇ ਹੀ ਪੁਸਤਕ ਵਿਚ ਲਿਖ ਕੇ ਓਹ ਔਗੁਣ ਭੀ ਪ੍ਰਗਟ ਕੀਤੇ ਜਾਵਨ॥ ਇਤਿ॥

ਬੋਲੋ:– ਸ੍ਰੀ ਵਾਹਿਗੁਰੂ ਜੀਕਾ ਖਾਲਸਾ॥
ਸ੍ਰੀ ਵਾਹਿਗੁਰੂ ਜੀਕੀ ਫਤਹਿ॥

ਪ੍ਰਾਰਥਕ ਸ੍ਰਬਤ ਵਿਦਵਾਨਾਂ ਅਤੇ ਬੁਧੀਮਾਨਾ ਦਾ
ਦਾਸ–ਮੋਹਨ ਸਿੰਘ ਵੈਦਯ ਆਯੁਰ ਵੇਦੀਯ
ਖਾਲਸਾ ਔਖਧਾਲਯ, ਤਰਨ ਤਾਰਨ (ਪੰਜਾਬ)
ਸੰਮਤ ੧੯੫੯ ਫੱਗਣ ਦਿਨ-੧੩;੨੩-੨-੧੯੦੨
ਹੁਣ ਸੰਨ ੧੯੧੪

# ਹਾਯ !

ਜਾਨ ਦੇ ਦੁਸ਼ਮਨ, ਸ਼ਰੀਰ ਦੇ ਸ਼ੱਤ੍ਰੂ, ਅਕਲ ਦੇ ਵਿਰੋਧੀ, ਅਮਲੀ ਸੱਜਨੋਂ ! ਆਪਦੀ ਦਸ਼ਾ ਨੂੰ ਦੇਖਕੇ ਬੜਾ ਦੁਖ ਹੁੰਦਾ ਹੈ ! ਏਹ ਮਨੁਖਾ ਜਨਮ ਆਪ ਜੋਗ ਸਤਸੰਗ ਕਰਕੇ ਪਰਮਾਤਮਾ ਦੀ ਪ੍ਰਾਪਤੀ ਕਰਨ ਨੂੰ ਮਿਲਿਆ ਸੀ ! ਪਰ ਆਪ ਨੇ ਖੇਹ ਨਾਲ ਮਿਲਾ ਦਿੱਤਾ । ਨਸ਼ਿਆਂ ਨਾਲ ਆਪਣਾ ਸਾਰਾ ਹੀ ਨਾਸ਼ ਕਰ ਲੀਤਾ, ਸੰਭਲ ਜਾਓ ! ਬਚ ਜਾਓ !! ਅਜੇ ਭੀ ਨਸ਼ਿਆਂ ਤੋਂ ਹਟ ਜਾਓ !!! ਅਸਾਂ ਨੇ ਆਪ ਤੇ ਤਰਸ ਕਰਕੇ ਬੜੇ ਹੀ ਯਤਨ ਨਾਲ "ਅਮਲ ਕੁਠਾਰ ਗੋਲੀਆਂ" ਤਿਆਰ ਕੀਤੀਆਂ ਹਨ, ਇਹਨਾਂ ਗੋਲੀਆਂ ਦਾ ਆਸਰਾ ਲੈਣ ਕਰਕੇ ਭ੍ਰਸ਼ਟਾਚਾਰ ਤੰਬਾਕੂ, ਅਫ਼ੀਮ, ਪੋਸਤ ਭੰਗ, ਸ਼ਰਾਬ, ਵਗੈਰਾ ਬੜੀ ਛੇਤੀ ਛੁਟ ਜਾਂਦੇ ਹਨ, ਤੇ ਸੈਂਕੜੇ ਨਹੀਂ ਹਜ਼ਾਰਾਂ ਦੁਖੀਏ ਏਹਨਾਂ ਦੇ ਆਸਰੇ ਨਸ਼ਿਆਂ ਤੋਂ ਛੁਟਕਾਰਾ ਪਾ ਚੁਕੇ ਹਨ। ਛੱਡਣ ਤੋਂ ਮਗਰੋਂ ਨਾਮ ਭੀ ਯਾਦ ਨਹੀਂ ਰਹਿੰਦਾ ਅੰਤੇ ਨਾਂ ਹੀ ਨਸ਼ਾ ਛੱਡਣ ਵੇਲੇ ਜਾਂ ਮਗਰੋਂ ਕੋਈ ਤਕ-ਲੀਫ ਹੁੰਦੀ ਹੈ, ਇਸ ਦਵਾਈ ਨਾਲ ਸੈਂਕੜੇ ਹੀ ਅਫੀਮੀਂ ਅਤੇ ਪੋਸਤੀ ਨਸ਼ੇ ਤੋਂ ਛੁਟਕਾਰਾ ਪਾ ਚੁਕੇ ਹਨ, ਏਹਨਾਂ ਗੋਲੀਆਂ ਵਿੱਚ ਕੋਈ ਨਸ਼ੇ ਵਾਲੀ ਚੀਜ਼ ਨਹੀਂ ਵਰਤੀ ਗਈ, ਨਾਂ ਹੀ ਏਹਨਾਂ ਦਾ ਅਮਲ ਲੱਗ ਜਾਂਦਾ ਹੈ, ਨਸ਼ਾ ਛੱਡਣ ਤੋਂ ਦਸਾਂ ਵੀਹ ਦਿਨ ਮਗਰੋਂ ਖਾਣੀਆਂ

ਪੈਂਦੀਆਂ ਹਨ, ਫਿਰ ਆਪੇ ਹੀ ਹਟ ਜਾਂਦੀਆਂ ਹਨ, ਹਾਂ ਬਹੁਤੀ ਤਾਕਤ ਵਧੌਣ ਵਾਸਤੇ ਖੁਸ਼ੀ ਨਾਲ ਆਪ ਭਾਂਵੇਂ ਕਿਤਨਾ ਚਿਰ ਇਹਨਾਂ ਦਾ ਸੇਵਨ ਕਰਦੇ ਰਹੋ ਤਾਂ ਕੋਈ ਡਰ ਭੀ ਨਹੀਂ, ਤਕਲੀਫ ਕਿਸੇ ਤਰਹਾਂ ਦੀ ਨਹੀਂ ਕਰਦੀਆਂ, ਬਾਲ, ਬ੍ਰਿਧ, ਜਵਾਨ ਇਸਤ੍ਰੀ ਮਰਦ ਵਾਸਤੇ ਹਰ ਹਾਲਤ ਵਿੱਚ ਹਿਤਕਾਰੀ ਹਨ, ਮੁਰਦੇ ਦੀ ਤਰਹਾਂ ਕਮਜ਼ੋਰ ਹੋਇਆਂ ੨ ਨੂੰ ਪਹਲਵਾਨ ਅਤੇ ਤੰਨਦਰੁਸਤਾਂ ਨੂੰ ਭੀਮ ਵਰਗਾ ਬਣਾ ਦਿੰਦੀਆਂ ਹਨ, ਏਹਨਾਂ ਗੋਲੀਆਂ ਕਰਕੇ ਬੀਰਯ ਦੀ ਕਮਜ਼ੋਰੀ (ਭਾਂਵੇਂ ਕਿਸੇ ਤਰਹਾਂ ਦੀ ਹੋਵੇ) ਪਸ਼ਾਬ ਦਾ ਬਹੁਤ ਆਵਨਾ, ਬਵਾਸੀਰ, ਧਬਕਾ, ਬਲਗਮ, ਰੇਸ਼ਸ਼, ਤਪ ਲਹੂ ਦਾ ਵਿਗਾੜ ਖੁਰਕ ਪੀੜਾਂ ਵਗੈਰਾ ਕਈ ਬੀਮਾਰੀਆਂ ਹਟ ਜਾਂਦੀਆਂ ਹਨ ਤੇ ਖੁਰਾਕ ਪੂਰੀ ਪਚਨ ਲੱਗ ਜਾਂਦੀ ਹੈ, ਹਰ ਇੱਕ ਸਮੇਂ ਤੇ ਜਗਹਾ ਵਿੱਚ ਗੁਣਕਾਰੀ ਹਨ, ਕੀਮਤ ਕੇਵਲ ੨) ਦੋ ਰੁਪਏ ਸੈਂਕੜਾ। ਹਰ ਇੱਕ ਨਸ਼ਾ ਛੱਡਣ ਵਾਸਤੇ ਵਰਤਨ ਦੀ ਬਿਧੀ ਦਵਾਈ ਦੇ ਨਾਲ ਲਿਖੀ ਜਾਵੇਗੀ।

ਸਿਵਾਇ ਇਹਨਾਂ ਗੋਲੀਆਂ ਦੇ ਹੋਰ ਬਹੁਤ ਪ੍ਰਕਾਰ ਦੀਆਂ ਬੀਮਾਰੀਆਂ ਵਾਸਤੇ ਅਸਾਡੇ ਔਖਧਾਲਯ ਵਿਚ ਦਵਾਵਾਂ ਸਿੱਧ ਮੰਤ੍ਰ, ਅਤੇ ਅਟਲ ਹੁਕਮ ਵਰਗਾ ਅਸਰ ਕਰਨ ਵਾਲੀਆਂ ਬਹੁਤ ਥੋੜੇ ਮੁੱਲ ਤੇ ਤਿਆਰ ਹਨ, ਵਡੀਆਂ ਫਹਰਿਸਤਾਂ ੧ ਕਾਰਡ ਭੇਜਕੇ ਮੰਗਵਾ ਲਵੋ!

ਪਤਾ–ਮੋਹਨ ਸਿੰਘ ਵੈਦ, ਤਰਨ ਤਾਰਨ (ਪੰਜਾਬ)

[illegible]

ਪਾਲਾ ਤਊ ਨ ਬਿਆਪਈ ਜੋ ਭਜਿ ਗੁਨ ਗਾਵੇ ॥

ਸੁਦੇਸ਼ ਭਾਸ਼ਾ ਪ੍ਰਚਾਰਕ ਲੜੀ ਨੰ: ੫੬

# ਪਲੇਗ ਦੇ ਦਿਨਾਂ ਦੀ ਰੱਖਯਾ

ਜਿਸ ਵਿਚ

ਪਲੇਗ ਦੇ ਦਿਨਾਂ ਵਿੱਚ ਬਚਾਉ ਦੇ ਸਾਧਨ, ਇਸ ਭਯਾਨਕ ਰੋਗ ਦੇ ਭੇਦ ਲੱਛਨ, ਮਾਰੂ ਨਿਸ਼ਾਨੀਆਂ, ਦਰਦ ਨਾਕ ਮੌਤਾਂ ਦੇ ਹਾਲ, ਇਲਾਜ ਕਰਾਨ ਕਰਨ ਤੇ ਦਵਾਈ ਦੇਣ ਵਾਲਿਆਂ ਸੰਬੰਧੀ ਵਿਚਾਰਾਂ ਤੇ ਦਵਾਵਾਂ ਦਰਜ ਹਨ।

ਲੇਖਕ ਤੇ ਪ੍ਰਕਾਸ਼ਕ

## ਭਾਈ ਮੋਹਨ ਸਿੰਘ ਵੈਦ

ਮਿਉਨਸਿਪਲ ਕਮਿਸ਼ਨਰ

ਤਰਨ ਤਾਰਨ (ਪੰਜਾਬ)

ਜੂਨ ੧੯੧੮

ਵਜ਼ੀਰ ਹਿੰਦ ਪ੍ਰੈਸ ਅੰਮ੍ਰਿਤਸਰ ਵਿੱਚ ਭਾਈ ਬਹਾਦਰ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਯਤਨ ਨਾਲ ਛਪਿਆ।

ਦੂਜੀ ਵਾਰ ੫) , ਭੇਟਾ ਛੇ ਪੈਸੇ

# ਜ਼ਰੂਰੀ ਯਾਦ ਰੱਖੋ !

ਦੁਖ ਸੁਖ ਸਦਾ ਸਰੀਰਾਂ ਦੇ ਨਾਲ ਹਨ। ਦੇਹ ਦੁਖਾਂ ਦੀ ਖਾਣ ਹੈ। ਸੋ ਜੇਕਰ ਆਪ ਨੂੰ ਜਾਂ ਆਪ ਦੇ ਕਿਸੇ ਸੱਜਨ ਮਿੱਤ੍ਰ ਨੂੰ ਕਦੇ ਕਿਸੇ ਪ੍ਰਕਾਰ ਦੀ ਦਵਾਈ ਦੀ ਲੋੜ ਪਵੇ, ਜਾਂ ਕਿਸੇ ਰੋਗ ਦਾ ਇਲਾਜ ਕਰਵਾਨਾ ਹੋਵੇ, ਜਾਂ ਕਿਸੇ ਰੋਗ ਜਾਂ ਇਲਾਜ ਸੰਬੰਧੀ ਸਲਾਹ ਪੁਛਣੀ ਹੋਵੇ, ਜਾਂ ਆਪ ਡਾਕਟਰਾਂ ਹਕੀਮਾਂ ਦੇ ਖਰਚਾਂ ਨਾਲ ਦਿਲ ਤੋੜ ਬੈਠੇ ਹੋਵੋ, ਜਾਂ ਘਰ ਬੈਠੇ ਬਠਾਏ ਬੀਮਾਰ ਦੇ ਪੂਰੇ ੨ ਹਾਲ, ਬੀਮਾਰੀ ਕਦ ਤੋਂ ਹੈ, ਰੋਗੀ ਦੀ ਉਮਰ ਖੁਰਾਕ, ਸਰੀਰ ਜੰਗਲ ਪਾਣੀ, ਕੰਮ ਕਾਰ, ਨੀਂਦ ਆਦਿ ਦੇ ਪੂਰੇ ੨ ਹਾਲ, ਜੇ ਬੀਮਾਰ ਇਸਤ੍ਰੀ ਹੋਵੇ ਤਦ ਉਸ ਦੀ ਮਹੀਨੇ ੨ ਦੀ ਦਸ਼ਾ ਤੇ ਬਾਲ ਬੱਚੇ ਦਾ ਹਾਲ ਭੀ ਲਿਖਕੇ ਦਵਾਈ ਮੰਗਾਕੇ ਰੋਗਾਂ ਤੋਂ ਛੁਟਕਾਰਾ ਪੌਣਾ ਚਾਹੁੰਦੇ ਹੋਵੋ ਤਦ ਹੇਠ ਲਿਖੇ ਪਤੇ ਤੇ ਲਿਖਾ ਪੜ੍ਹੀ ਕਰੋ, ਆਪ ਨੂੰ ਫੀਸ ਵੀਸ ਕੋਈ ਨਹੀਂ ਭਰਨੀ ਪਵੇਗੀ, ਆਪਣਾ ਪਤਾ ਭੇਜਕੇ ਫਹਰਿਸਤਾਂ ਮੁਫਤ ਮੰਗਾ ਲਵੋ, ਜੇ ਸੰਤਾਨ ਦੀ ਅਣਹੋਂਦ ਹੋਵੇ ਤਦ ਸੰਤਾਨ ਉਤਪਤੀ ਵਾਸਤੇ ਚਿਕਿਤਸਾ ਸੰਬੰਧੀ ਪੁੱਛਾਂ ਵਾਲੀ ਫਾਰਮ ਮੰਗਵਾ ਲਵੋ, ਕੇਵਲ ਆਪਣਾ ਪਤਾ ਹੀ ਭੇਜ ਦੇਵੋ, ਫਹਰਿਸਤਾਂ ਜਾਂ ਫ਼ਾਰਮਾਂ ਮੁਫਤ ਪਹੁੰਚ ਜਾਣਗੀਆਂ, ਬਹੁਤ ਕੁਛ ਆਪ ਨੂੰ ਵਰਤਨ ਤੇ ਪਤਾ ਲੱਗ ਜਾਵੇਗਾ।

ਪਤਾ ਕੇਵਲ ਇੰਨਾਂ ਹੀ ਲਿਖ ਦੇਵੋ—

ਮੋਹਨ ਸਿੰਘ ਵੈਦ ਤਰਨ ਤਾਰਨ (ਪੰਜਾਬ)

ਲਗਵਾਵਨ ਨਾਲ ਬਹੁਤ ਸਾਰੇ ਨੁਕਸਾਨ ਹੀ ਹੁੰਦੇ ਵੇਖੇ ਹਨ) ਜੇ ਗਿਲਟੀ ਚਪਟੀ ਹੋਵੇ ਤਦ ਫਲ ਬੁਰਾ ਹੁੰਦਾ ਹੈ। ਜੇਕਰ ਗਿਲਟੀ ਪਹਲੇ ਚਪਟੀ ਅਰ ਫੇਰ ਸੁਝਕੇ ਉੱਭਰੀ ਹੋ ਜਾਵੇ ਤਦ ਸਮਝਣਾ ਚਾਹੀਦਾ ਹੈ ਕਿ ਬੀਮਾਰੀ ਦਾ ਲੱਛਨ ਭਲਾ ਹੈ। ਅਰ ਜਦੋਂ ਗਿਲਟੀ ਸ਼ੁਰੂ ਵਿਚ ਉੱਭਰੀ ਹੋਈ ਹੋਵੇ ਫੇਰ ਇਕ ਦਮ ਚਪਟੀ ਹੋਜਾਵੇ ਯਾ ਗੁੰਮ ਹੋਵੇ ਅਥਵਾ ਬੈਠਨੀ ਸ਼ੁਰੂ ਹੋ ਜਾਵੇ ਤਦ ਸਮਝਣਾਂ ਚਾਹੀਦਾ ਹੈ ਜੋ ਬੀਮਾਰੀ ਦਾ ਰੁਖ ਬੁਰਾ ਹੈ ਅਰ ਨਤੀਜਾ ਭੈੜਾ ਨਿਕਲਨ ਵਾਲਾ ਹੈ।

੨–ਦੂਸਰੀ ਤਰਾਂ ਦੀ ਨਯਮੋਨਿਕ ਅਰਥਾਤ ਖਾਂਸੀ ਵਾਲੀ ਪਲੇਗ ਵਿਚ ਬਹੁਤ ਸਾਰੇ ਲੱਛਨ "ਨਮੋਨੀਏ" ਦੇ ਮਿਲਦੇ ਹਨ, ਸਿਵਾਇ ਮਾਮੂਲੀ ਨਿਸ਼ਾਨੀਆਂ ਦੇ ਖਾਸ ਲੱਛਨ ਏਹ ਹੁੰਦੇ ਹਨ:–ਖਾਂਸੀ ਅਤੇ ਤੇਜ ਬੁਖਾਰ, ਅਖੀਰ ਵਿੱਚ ਕਫ ਨਾਲ ਲਹੂ ਔਂਦਾ ਹੈ ਇਹ ਪਹਲੇ ਤੋਂ ਖਤਰੇ ਵਾਲਾ ਹੈ।

੩–ਤੀਸਰੀ ਸਪਟੀਸੀਮਿਕ "ਖੂਨੀ ਪਲੇਗ" ਇਸ ਵਿਚ ਨਾਂ ਤਾਂ ਗਿਲਟੀ ਸੁਜਦੀ ਹੈ ਅਤੇ ਨਾਂ ਖਾਂਸੀ ਹੁੰਦੀ ਹੈ,ਇਸ ਵਿੱਚ ਸਿਰਫ ਤੇਜ ਬੁਖਾਰ ਹੀ ਹੁੰਦਾ ਹੈ, ਅਤੇ ਜ਼ਹਰੀਲੇ ਖੂਨ ਦਾ ਦਿਮਾਗ ਪਰ ਅਸਰ ਹੋਕੇ ਕਰਕੇ ਦਮਾਗੀ ਅਲਾਮਤਾਂ ਜ਼ਾਹਰ ਹੁੰਦੀਆਂ ਹਨ ਪਰ ਏਹ ਬਹੁਤ ਥੋੜਾ ਹੁੰਦਾ ਹੈ ਇਸਦੀ ਪਛਾਣ ਭੀ ਸਾਧਾਰਨ ਇਲਾਜ ਕਰਨ ਵਾਲੇ ਨਹੀਂ ਕਰ ਸਕਦੇ ਕਿ ਇਹ ਮਾਮੂਲੀ ਬੁਖਾਰ ਹੈ ਜਾਂ "ਪਲੇਗ"॥

੪–ਚੌਥੀ ... ਟ੍ਰੂਕ ਅਰਥਾਤ "ਦਸਤਾਂ ਵਾਲੀ